ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਸ਼ੁੱਕਰਵਾਰ, 06 ਨਵੰਬਰ / 2026 / ਅੰਕ 296 / ਪੰਨੇ 08 / ਮੁੱਲ 7 ਰੁ:

www.sanjhikhabar.com E-mail : khabarsanjhi@gmail.com sanjhikhabar sanjhikahbar



ਮੁਲਾਜ਼ਮਾਂ ਨੇ ਠੁਕਰਾਇਆ ਮੁੱਖ ਮੰਤਰੀ ਮਾਨ ਦਾ 3 ਫੀਸਦ ਡੀਏ ਦਾ ਦੀਵਾਲੀ ਤੋਹਫਾ; 'ਮਹੀਨਾ ਭਰ ਚੱਲੇਗਾ ਵਿਰੋਧ ਪ੍ਰਦਰਸ਼ਨ'

ਸਾਂਝੀ ਖ਼ਬਰ

(ਕੁਲਦੀਪ ਸਿੰਘ)
ਚੰਡੀਗੜ੍ਹ, 05 ਨਵੰਬਰ



ਮੁੱਖ ਮੰਤਰੀ ਭਗਵੰਤ ਮਾਨ ਵੱਲੋਂ "ਦੀਵਾਲੀ ਦੇ ਤੋਹਫ਼ੇ" ਵਜੋਂ ਐਲਾਨੇ ਤਿੰਨ ਫੀਸਦੀ ਡੀਏ (DA) ਵਾਧੇ ਨੂੰ ਰੱਦ ਕਰਦਿਆਂ, ਪੰਜਾਬ ਸਰਕਾਰ ਦੇ ਲਗਪਗ 4 ਲੱਖ ਮੁਲਾਜ਼ਮਾਂ ਅਤੇ 3.50 ਲੱਖ ਪੈਨਸ਼ਨਰਾਂ ਨੇ 13 ਨਵੰਬਰ ਤੋਂ ਮਹੀਨਾ ਭਰ ਚੱਲਣ ਵਾਲੇ ਅੰਦੋਲਨ ਦਾ ਐਲਾਨ ਕੀਤਾ ਹੈ। ਇਹ ਸੰਘਰਸ਼ 13 ਦਸੰਬਰ ਨੂੰ ਸ਼ੰਭੂ ਤੋਂ ਅੰਮ੍ਰਿਤਸਰ ਤੱਕ ਮਨੁੱਖੀ ਲੜੀ ਬਣਾ ਕੇ ਸਮਾਪਤ ਹੋਵੇਗਾ।

ਸਾਂਝੀ ਕੋਆਰਡੀਨੇਸ਼ਨ ਕਮੇਟੀ ਦੇ ਆਗੂ ਸੁਖਚੈਨ ਖਹਿਰਾ ਅਤੇ ਗੁਰਨਾਮ ਸਿੰਘ ਵਿਰਕ ਨੇ ਦੱਸਿਆ ਕਿ ਅੰਦੋਲਨ ਦੀ ਸ਼ੁਰੂਆਤ 13 ਤੋਂ 19 ਨਵੰਬਰ ਤੱਕ ਸੰਗਰੂਰ ਵਿਖੇ ਪੱਕੇ ਧਰਨੇ ਨਾਲ ਹੋਵੇਗੀ। 1 ਤੋਂ 5 ਦਸੰਬਰ ਤੱਕ ਮੁਲਾਜ਼ਮ 'ਆਪ' ਦੇ ਸਾਰੇ 91 ਵਿਧਾਇਕਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਕਰਕੇ ਪੁਤਲੇ ਫੂਕਣਗੇ ਅਤੇ 6 ਦਸੰਬਰ ਨੂੰ ਇਨ੍ਹਾਂ ਦੀ ਸੁਆਹ ਬੁੱਢੇ ਨਾਲੇ ਵਿੱਚ ਜਲ-ਪ੍ਰਵਾਹ ਕੀਤੀ ਜਾਵੇਗੀ।

ਇਹ ਐਲਾਨ ਸੀਐੱਮ ਮਾਨ ਵੱਲੋਂ 3 ਫੀਸਦੀ ਡੀਏ ਵਾਧੇ (ਕੁੱਲ 53%) ਦੇ ਐਲਾਨ ਤੋਂ ਇੱਕ ਦਿਨ ਬਾਅਦ ਆਇਆ ਹੈ, ਜਿਸ ਨਾਲ ਸਰਕਾਰ 'ਤੇ ਮਹੀਨਾਵਾਰ 90 ਕਰੋੜ ਰੁਪਏ ਦਾ ਵਾਧੂ ਖਰਚਾ ਆਵੇਗਾ। ਪਹਿਲਾਂ ਦਿੱਤੇ 8 ਫੀਸਦੀ ਵਾਧੇ ਸਮੇਤ ਕੁੱਲ ਸਲਾਨਾ ਬੋਝ 3,988 ਕਰੋੜ ਰੁਪਏ ਬਣਦਾ ਹੈ। ਹਾਲਾਂਕਿ, ਯੂਨੀਅਨਾਂ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਦੀਆਂ ਮੁੱਖ ਮੰਗਾਂ ਹੱਲ ਨਹੀਂ ਹੋਈਆਂ।

ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ (OPS) ਲਾਗੂ ਕਰਨਾ, ਬਕਾਇਆ 10 ਫੀਸਦੀ ਡੀਏ ਜਾਰੀ ਕਰਨਾ, ਪੈਂਡਿੰਗ ਡੀਏ ਅਰੰਭਕ ਭੁਗਤਾਨ, ਛੇਵਾਂ ਤਨਖਾਹ ਕਮਿਸ਼ਨ, ਪੁਰਾਣੇ ਤਨਖਾਹ ਸਕੇਲ ਬਹਾਲ ਕਰਨਾ ਅਤੇ ਮਾਰੂ ਨੀਤੀਆਂ ਵਾਪਸ ਲੈਣਾ ਸ਼ਾਮਲ ਹੈ।

ਮੀਡੀਆ ਸਾਹਮਣੇ ਆਗੂਆਂ ਨੇ ਪੁਰਾਣੀਆਂ ਵੀਡੀਓ ਕਲਿੱਪਾਂ ਦਿਖਾ ਕੇ ਸਰਕਾਰ ਦੇ ਦਾਅਵਿਆਂ ਦਾ ਖੰਡਨ ਕੀਤਾ। ਸੁਖਚੈਨ ਖਹਿਰਾ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਸਰਕਾਰ ਵੇਲੇ ਸਿਰਫ਼ 7 ਫੀਸਦੀ ਡੀਏ ਬਕਾਇਆ ਸੀ ਅਤੇ ਅਕਾਲੀ-ਭਾਜਪਾ ਸਰਕਾਰ ਨੇ ਕੋਈ ਬਕਾਇਆ ਨਹੀਂ ਛੱਡਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਤਨਖਾਹ ਕਮਿਸ਼ਨ ਦੇ ਬਕਾਏ ਨੂੰ ਡੀਏ ਨਿਪਟਾਰੇ ਵਜੋਂ ਪੇਸ਼ ਕਰ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ।

ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ

ਸਾਂਝੀ ਖ਼ਬਰ

(ਸੁਖਜੀਤ ਕੌਰ)
ਮਾਨਸਾ, 05 ਨਵੰਬਰ



ਮਾਨਸਾ ਦੀ ਅਦਾਲਤ ਨੇ ਐਂਟੀ ਡਰੱਗ ਐਕਟੀਵਿਸਟ ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਪੈਦਾ ਹੋਏ ਘਟਨਾਕ੍ਰਮ ਵਿਚਾਲੇ ਮਾਨਸਾ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਲੱਖਾ ਸਿੰਘ ਸਿਧਾਣਾ ਤੇ ਮੋਹਨਜੀਤ ਸਿੰਘ ਸ਼ੇਰੋਂ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਦਾਲਤ ਨੇ ਨਾਭਾ ਜੇਲ੍ਹ ਦੇ ਸੁਪਰਡੈਂਟ ਨੂੰ ਕਿਹਾ ਹੈ ਕਿ ਦੋਵਾਂ ਦੀ ਕਿਸੇ ਹੋਰ ਮਾਮਲੇ ਵਿਚ ਜ਼ਰੂਰਤ ਨਹੀਂ ਹੈ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਮਾਨਸਾ ਵਿਚ ਪਰਿਵਾਰ ਅਤੇ ਐਕਸ਼ਨ ਕਮੇਟੀ ਦੀ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿਚ ਮੁੱਖ ਮੰਤਰੀ ਅਤੇ ਡੀ. ਜੀ. ਪੀ. ਦੇ ਅਸਤੀਫੇ ਨੂੰ ਛੱਡ ਕੇ ਬਾਕੀ ਮੰਗਾਂ 'ਤੇ ਸਹਿਮਤੀ ਬਣ ਗਈ ਸੀ। ਸਰਕਾਰ ਝੋਟੇ ਦੇ ਪਰਿਵਾਰ ਨੂੰ ਦੋ ਕਰੋੜ ਰੁਪਏ ਅਤੇ ਝੋਟੇ ਦੀ ਪਤਨੀ ਨੂੰ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀ ਦੇਵੇਗੀ।

ਇਹ ਵੀ ਪਤਾ ਲੱਗਾ ਹੈ ਕਿ ਝੋਟਾ ਦੇ ਪਿਤਾ ਅਤੇ ਐਂਟੀ ਡਰੱਗ ਟਾਸਕ-ਫੋਰਸ 'ਤੇ ਦਰਜ ਕੇਸ ਵੀ ਰੱਦ ਹੋਣਗੇ। ਮਾਨਸਾ ਵਿਚ ਝੋਟਾ ਦੀ ਮੂਰਤੀ ਲਗਾਈ ਜਾਵੇਗੀ ਅਤੇ ਉਸ ਦੇ ਨਾਮ 'ਤੇ ਪਿੰਡ ਖਿਆਲਾ ਵਿਚ ਟਰਾਮਾ ਸੈਂਟਰ ਵੀ ਬਣਾਇਆ ਜਾਵੇਗਾ। ਇਥੇ ਇਹ ਵੀ ਦੱਸ ਦਈਏ ਹੁਣ ਜਦੋਂ ਲੱਖਾ ਸਿੰਘ ਸਿਧਾਣਾ ਅਤੇ ਮੋਨਜੀਤ ਸਿੰਘ ਸ਼ੇਰੋਂ ਨੂੰ ਰਿਹਾਅ ਕਰਨ ਦਾ ਹੁਕਮ ਜਾਰੀ ਹੋ ਗਿਆ ਤਾਂ ਪਰਵਿੰਦਰ ਸਿੰਘ ਦੇ ਕਤਲ ਦੇ 23ਵੇਂ ਦਿਨ ਪਰਿਵਾਰ ਉਸ ਦੇ ਪੋਸਟਮਾਰਟਮ ਲਈ ਰਾਜ਼ੀ ਹੋ ਗਿਆ ਹੈ। ਇਨ੍ਹਾਂ ਹੁਕਮਾਂ ਤੋਂ ਬਾਅਦ ਸੰਭਵ ਹੈ ਕਿ ਅੱਜ ਹੀ ਪਰਵਿੰਦਰ ਝੋਟਾ ਦੀ ਮ੍ਰਿਤਕ ਦੇਹ ਪੀ. ਜੀ. ਆਈ. ਵਿਚ ਪੋਸਟਮਾਰ-ਟਮ ਲਈ ਲਿਜਾਈ ਜਾ ਸਕਦੀ ਹੈ ਅਤੇ ਭਲਕੇ ਉਸ ਦਾ ਸਸਕਾਰ ਵੀ ਕੀਤਾ ਜਾ ਸਕਦਾ ਹੈ।

ਅੰਮ੍ਰਿਤਸਰ ਪੁਲਸ ਨੇ ਸੁਲਝਾਈਆਂ 3 ਗੋਲੀਬਾਰੀ ਦੀਆਂ ਵਾਰਦਾਤਾਂ, ਵੱਡੇ ਹਥਿਆਰਾਂ ਨਾਲ 16 ਮੁਲਜ਼ਮ ਗ੍ਰਿਫ਼ਤਾਰ

ਸਾਂਝੀ ਖ਼ਬਰ

(ਗਗਨਦੀਪ ਕੌਰ)
ਅੰਮ੍ਰਿਤਸਰ, 05 ਨਵੰਬਰ



ਅੰਮ੍ਰਿਤਸਰ ਦਿਹਾਤੀ ਪੁਲਸ ਨੇ ਇਕ ਵੱਡੀ ਕਾਰਵਾਈ ਦੌਰਾਨ ਗੈਰ-ਕਾਨੂੰਨੀ ਹਥਿਆਰਾਂ, ਵਿਸਫੋਟਕਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਦਾ ਪਰਦਾਫਾਸ਼ ਕਰਕੇ 3 ਗੋਲੀਬਾਰੀ ਦੀਆਂ ਘਟਨਾਵਾਂ ਨੂੰ ਹੱਲ ਕਰਕੇ 16 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ । ਪੁਲਸ ਨੇ ਮੁਲਜ਼ਮਾਂ ਕੋਲੋਂ 5 ਗੈਰ-ਕਾਨੂੰਨੀ ਪਿਸਤੌਲ, 2 ਆਧੁਨਿਕ ਉਜ਼ੀ ਬੰਦੂਕਾਂ, 2 ਹੱਥਗੋਲੇ, 34 ਕਿਲੋਗ੍ਰਾਮ ਹੈਰੋਇਨ ਅਤੇ 26 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ । ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸਾਂਝੀ ਕੀਤੀ ਹੈ।

ਡੀ. ਜੀ. ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਦੇ ਸੰਪਰਕ ਵਿੱਚ ਸਨ, ਜੋ ਅਪਰਾਧਿਕ ਅਨਸਰਾਂ ਵਿੱਚ ਅੱਗੇ ਵੰਡਣ ਲਈ ਨਾਜਾਇਜ਼ ਹਥਿਆਰਾਂ ਦੀ ਸਪਲਾਈ ਦਾ ਪ੍ਰਬੰਧ ਕਰਦੇ ਸਨ। ਪੁਲਸ ਨੇ ਇਸ ਸਬੰਧੀ ਥਾਣਾ ਘਰਿੰਡਾ, ਥਾਣਾ ਬਿਆਸ, ਥਾਣਾ ਮਹਿਤਾ, ਥਾਣਾ ਲੋਪੋਕੇ ਅਤੇ ਥਾਣਾ ਛੇਹਰਟਾ, ਅੰਮ੍ਰਿਤਸਰ ਵਿਖੇ ਮੁਲਜ਼ਮਾਂ ਖਿਲਾਫ਼ ਵੱਖ-ਵੱਖ ਐਫ.ਆਈ.ਆਰ. ਦਰਜ ਕੀਤੀਆਂ ਹਨ। ਉਨ੍ਹਾਂ ਦੱਸਿਆ ਪੁਲਸ ਵੱਲੋਂ ਇਸ ਗੈਰ-ਕਾਨੂੰਨੀ ਨੈੱਟਵਰਕ ਦੇ ਪਿਛਲੇ ਅਤੇ ਅਗਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਇਸ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

Team India ਨੇ ਜਿੱਤੀ ਏਸ਼ੀਅਨ ਚੈਂਪੀਅਨਜ਼ ਟਰਾਫੀ, ਜਾਪਾਨ ਨੂੰ 4-1 ਨਾਲ ਦਿੱਤੀ ਮਾਤ

ਸਾਂਝੀ ਖ਼ਬਰ

(ਸੰਦੀਪ ਸਿੰਘ)
ਮੋਹਾਲੀ, 05 ਨਵੰਬਰ



ਏਸ਼ੀਅਨ ਚੈਂਪੀਅਨਜ਼ ਟਰਾਫੀ 2026 ਦਾ ਫਾਈਨਲ ਮੈਚ ਅੱਜ ਮੋਹਾਲੀ ਦੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ 'ਚ ਭਾਰਤ ਅਤੇ ਜਾਪਾਨ ਵਿਚਕਾਰ ਖੇਡਿਆ ਗਿਆ। ਦੋਵਾਂ ਟੀਮਾਂ ਵਿਚਾਲੇ ਖੇਡੇ ਜਾ ਰਹੇ ਫਾਈਨਲ ਮੁਕਾਬਲੇ 'ਚ ਜਿੱਥੇ ਜਪਾਨ ਇੱਕ ਜ਼ੀਰੋ ਨਾਲ ਅੱਗੇ ਸੀ, ਉਥੇ ਤੀਜੇ ਕੁਆਰਟਰ ਦੇਬਾ ਮਹੀਨੇ ਵਿੱਚ ਭਾਰਤ ਨੇ ਪੈਨਲਟੀ ਕਾਰਨਰ ਰਾਹੀਂ ਇੱਕ ਗੋਲ ਕਰਕੇ ਮੈਚ ਨੂੰ ਬਰਾਬਰੀ ਤੇ ਲਿਆਂਦਾ। ਤੀਜੇ ਕੁਾਟਰ ਦੇ ਆਖਰੀ ਮਿੰਟਾਂ ਵਿੱਚ ਜਪਾਨ ਦੀ ਟੀਮ ਭਾਰਤ ਤੇ ਇੱਕ ਵਾਰ ਫਿਰ ਭਾਰੂ ਰਹੀ ਪਰ ਭਾਰਤ ਦੇ ਖਿਡਾਰੀਆਂ ਨੇ ਸੂਝ ਬੂਝ ਨਾਲ ਇਹ ਹਮਲਾ ਟਾਲ ਦਿੱਤਾ।

ਚੌਥੇ ਕਵਾਰਟਰ ਦੇ ਦੂਜੇ ਮਿੰਟ ਵਿੱਚ ਹੀ ਭਾਰਤ ਨੇ ਜਪਾਨ ਦੀਆਂ ਸਖਤ ਰੋਕਾਂ ਦੇ ਬਾਵਜੂਦ ਦਿਲਪ੍ਰੀਤ ਨੇ ਇੱਕ ਗੋਲ ਹੋਰ ਕਰਕੇ ਭਾਰਤ ਨੂੰ ਦੋ ਇੱਕ ਦੀ ਲੀਡ ਦਵਾ ਦਿੱਤੀ। ਅੱਠਵੇਂ ਮਿੰਟ ਵਿੱਚ ਚੌਥੇ ਕਵਾਰਟਰ ਦੇ ਚਾਰ ਮਿੰਟ ਦੀ ਖੇਡ ਜਿਉਂ ਹੀ ਪੂਰੀ ਹੋਈ ਤਾਂ ਭਾਰਤ ਨੂੰ ਇੱਕ ਪਨਰਟੀ ਕਾਰਨਰ ਮਿਲਿਆ। ਇਸ ਪੈਨਲਟੀ ਕਾਰਨਰ ਦਾ ਸਹੀ ਉਪਯੋਗ ਕਰਦੇ ਹੋਏ ਭਾਰਤੀ ਖਿਡਾਰੀ ਜੁਗਰਾਜ ਨੇ ਇਸ ਨੂੰ ਗੋਲ ਵਿੱਚ ਬਦਲ ਦਿੱਤਾ ਤੇ ਭਾਰਤ ਨੂੰ 3-1 ਦੀ ਲੀਡ ਦਵਾ ਦਿੱਤੀ।

ਜ਼ਿਕਰਯੋਗ ਹੈ ਕਿ ਟੀਮ ਇੰਡੀਆ ਹੁਣ ਤੱਕ ਟੂਰਨਾਮੈਂਟ ਵਿੱਚ ਅਜੇਤੂ ਹੈ, ਛੇ ਮੈਚ ਜਿੱਤੇ ਹਨ। ਭਾਰਤ ਹੁਣ ਤੱਕ ਪੰਜ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤ ਚੁੱਕਾ ਹੈ। ਹੁਣ, ਹਰਮਨਪ੍ਰੀਤ ਸਿੰਘ ਦੀ ਕਪਤਾਨੀ ਵਾਲੀ ਭਾਰਤੀ ਟੀਮ ਆਪਣੇ ਛੇਵੇਂ ਖਿਤਾਬ 'ਤੇ ਨਜ਼ਰਾਂ ਟਿਕਾਈ ਬੈਠੀ ਹੈ।

UPI 'ਤੇ ਚਾਰਜ ਲਾਉਣ ਦੇ ਫ਼ੈਸਲੇ 'ਤੇ ਆ ਗਿਆ ਨਵਾਂ ਅਪਡੇਟ, NCPI ਨੇ ਸੁਪਰੀਮ ਕੋਰਟ 'ਚ ਕਿਹਾ ਕਿ......

ਸਾਂਝੀ ਖ਼ਬਰ

(ਸੰਦੀਪ ਸਿੰਘ)
ਨਵੀਂ ਦਿੱਲੀ, 05 ਨਵੰਬਰ



ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (NPCI) ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ UPI ਦੇ ਸੋਧੇ ਹੋਏ ਕੀਮਤ ਢਾਂਚੇ ਦੇ ਤਹਿਤ, ਵਪਾਰੀ 'ਮਰਚੈਂਟ ਡਿਸਕਾਊਂਟ ਰੇਟ' (MDR) ਚਾਰਜ ਦਾ ਬੋਝ ਗਾਹਕਾਂ 'ਤੇ ਨਹੀਂ ਪਾ ਸਕਦੇ।

28 ਸਤੰਬਰ ਨੂੰ, ਸੁਪਰੀਮ ਕੋਰਟ ਨੇ 2,000 ਰੁਪਏ ਤੋਂ ਵੱਧ ਦੇ ਕੁਝ UPI ਵਿਅਕਤੀ-ਤੋਂ-ਵਪਾਰੀ (P2M) ਲੈਣ-ਦੇਣ 'ਤੇ MDR ਲਗਾਉਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਕੇਂਦਰ ਸਰਕਾਰ ਅਤੇ NPCI ਸਮੇਤ ਹੋਰ ਧਿਰਾਂ ਤੋਂ ਜਵਾਬ ਮੰਗੇ ਸਨ।

ਹਾਲਾਂਕਿ, ਜਦੋਂ ਪਟੀਸ਼ਨਕਰਤਾ ਦੇ ਵਕੀਲ ਨੇ ਮਾਮਲੇ 'ਤੇ ਵਿਚਾਰ ਹੋਣ ਤੱਕ ਫੈਸਲੇ 'ਤੇ ਰੋਕ ਲਗਾਉਣ ਦੀ ਮੰਗ ਕੀਤੀ, ਤਾਂ ਅਦਾਲਤ ਨੇ ਸੋਧੇ ਹੋਏ ਢਾਂਚੇ 'ਤੇ ਕੋਈ ਅੰਤਰਿਮ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ।

3 ਨਵੰਬਰ ਨੂੰ ਦਾਇਰ ਕੀਤੇ ਗਏ ਇੱਕ ਹਲਫ਼ਨਾਮੇ ਵਿੱਚ, NPCI ਨੇ ਭਾਰਤ ਦੇ ਚੀਫ਼ ਜਸਟਿਸ (CJI) ਦੀ ਅਗਵਾਈ ਵਾਲੇ ਬੈਂਚ ਨੂੰ ਦੱਸਿਆ ਕਿ UPI ਐਪਲੀਕੇਸ਼ਨ ਪ੍ਰਦਾਤਾ ਯੂਨੀਫਾਈਡ ਪੇਮੈਂਟਸ ਇੰਟਰਫੇਸ (UPI) ਰਾਹੀਂ ਭੁਗਤਾਨ ਕਰਨ ਵਾਲੇ ਉਪਭੋਗਤਾਵਾਂ 'ਤੇ ਕੋਈ 'ਪਲੇਟਫਾਰਮ ਫੀਸ' ਜਾਂ ਹੋਰ ਖਰਚੇ ਨਹੀਂ ਲਗਾ ਸਕਦੇ।

ਪਟੀਸ਼ਨ ਵਿੱਚ ਭੁਗਤਾਨ ਅਤੇ ਬੰਦੋਬਸਤ ਪ੍ਰਣਾਲੀ ਐਕਟ, 2007 ਦੀ ਧਾਰਾ 10A ਵਿੱਚ ਸੋਧ ਨੂੰ ਚੁਣੌਤੀ ਦਿੱਤੀ ਗਈ ਸੀ, ਜੋ ਕਿ ਟੈਕਸੇਸ਼ਨ ਅਤੇ ਹੋਰ ਕਾਨੂੰਨ (ਸੋਧ) ਐਕਟ ਰਾਹੀਂ ਪੇਸ਼ ਕੀਤੀ ਗਈ ਸੀ। ਇਸ ਵਿੱਚ ਵਿੱਤ ਮੰਤਰਾਲੇ ਦੀ ਨੋਟੀਫਿਕੇਸ਼ਨ ਅਤੇ ਸਤੰਬਰ ਵਿੱਚ ਐਲਾਨੇ ਗਏ NPCI ਦੇ ਸੋਧੇ ਹੋਏ MDR ਢਾਂਚੇ ਨੂੰ ਵੀ ਚੁਣੌਤੀ ਦਿੱਤੀ ਗਈ ਸੀ।

NPCI ਨੇ ਕਿਹਾ, 'MDR ਚਾਰਜ ਸਿਰਫ 2,000 ਰੁਪਏ ਤੋਂ ਵੱਧ ਦੇ P2M (ਵਅਿਕਤੀ-ਤੋਂ-ਵਪਾਰੀ) ਲੈਣ-ਦੇਣ ਦੇ ਬਹੁਤ ਛੋਟੇ ਹਿੱਸੇ (ਲਗਭਗ 0.4%) 'ਤੇ ਲਾਗੂ ਹੁੰਦੇ ਹਨ।'

"ਕਿਉਂਕਿ ਇਹ ਚਾਰਜ ਬਹੁਤ ਸੀਮਤ ਮਾਮਲਿਆਂ ਵਿੱਚ ਲਗਾਇਆ ਜਾਂਦਾ ਹੈ ਅਤੇ ਸਿਰਫ ਇੱਕ ਨਿਸ਼ਚਿਤ ਸੀਮਾ ਤੋਂ ਉੱਪਰ ਦੇ ਲੈਣ-ਦੇਣ 'ਤੇ ਹੀ ਲਗਾਇਆ ਜਾਂਦਾ ਹੈ, ਇਸ ਲਈ ਵਪਾਰੀਆਂ ਕੋਲ ਆਪਣੇ ਸਾਰੇ ਗਾਹਕਾਂ ਲਈ ਕੀਮਤਾਂ ਬਦਲਣ ਦਾ ਕੋਈ ਠੋਸ ਕਾਰਨ ਨਹੀਂ ਹੈ। ਇਸ ਲਈ, ਇਹ ਡਰ ਕਿ MDR ਢਾਂਚਾ ਚੁੱਪ ਕੀਮਤਾਂ ਵਿੱਚ ਵਾਧਾ ਕਰੇਗਾ, ਪੂਰੀ ਤਰ੍ਹਾਂ ਗਲਤ ਹੈ।"

ਸੋਧੇ ਹੋਏ ਢਾਂਚੇ ਦਾ ਬਚਾਅ ਕਰਦੇ ਹੋਏ, ਕਾਰਪੋਰੇਸ਼ਨ ਨੇ ਕਿਹਾ ਕਿ ਗਾਹਕਾਂ ਨੂੰ MDR ਚਾਰਜ ਦੇਣ ਤੋਂ ਰੋਕਣਾ ਸਿਰਫ਼ ਇੱਕ ਨੀਤੀਗਤ ਭਰੋਸਾ ਨਹੀਂ ਹੈ ਬਲਕਿ ਇੱਕ ਲਾਜ਼ਮੀ ਨਿਰਦੇਸ਼ ਹੈ, ਜੋ ਕਾਨੂੰਨੀ ਇਕਰਾਰ-ਨਾਮਿਆਂ ਰਾਹੀਂ ਲਾਗੂ ਕੀਤਾ ਜਾਂਦਾ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਉਲੰਘਣਾ ਦੇ ਨਤੀਜੇ ਵਜੋਂ ਬੈਂਕਾਂ, ਭੁਗਤਾਨ ਪ੍ਰਣਾਲੀ ਪ੍ਰਦਾਤਾਵਾਂ (PSPs) ਅਤੇ ਤੀਜੀ-ਧਿਰ ਐਪਲੀਕੇਸ਼ਨ ਪ੍ਰਦਾਤਾਵਾਂ (TPAPs) ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਵਿੱਚ ਉਨ੍ਹਾਂ ਦੀ UPI ਮੈਂਬਰਸ਼ਿਪ ਅਤੇ ਵਿਸ਼ੇਸ਼ਤਾਵਾਂ ਨੂੰ ਖਤਮ ਕਰਨਾ ਸ਼ਾਮਲ ਹੈ।

ਕਾਰਪੋਰੇਸ਼ਨ ਨੇ ਇਨ੍ਹਾਂ ਚਿੰਤਾਵਾਂ ਨੂੰ ਖਾਰਜ ਕਰ ਦਿੱਤਾ ਕਿ ਸੋਧੀਆਂ ਫੀਸਾਂ ਵਪਾਰੀ ਕੀਮਤਾਂ ਵਧਾ ਕੇ ਗਾਹਕਾਂ 'ਤੇ ਅਸਿੱਧੇ ਤੌਰ 'ਤੇ ਵਿੱਤੀ ਬੋਝ ਵਧਾ ਸਕਦੀਆਂ ਹਨ। ਇਸ ਨੇ ਸਮਝਾਇਆ ਕਿ ਨਵੇਂ ਢਾਂਚੇ ਦੇ ਤਹਿਤ, ₹2,000 ਤੋਂ ਵੱਧ ਦੇ ਵਪਾਰੀ ਲੈਣ-ਦੇਣ 'ਤੇ 0.4 ਪ੍ਰਤੀਸ਼ਤ ਤੱਕ ਦਾ MDR (ਵਪਾਰੀ ਛੂਟ ਦਰ) ਲਾਗੂ ਹੋਵੇਗਾ।

ਐਨਪੀਸੀਆਈ ਨੇ ਕਿਹਾ ਕਿ ਨਿਰਧਾਰਤ ਸੀਮਾ ਤੋਂ ਘੱਟ ਲੈਣ-ਦੇਣ ਪਹਿਲਾਂ ਵਾਂਗ ਮੁਫ਼ਤ ਰਹੇਗਾ ਅਤੇ 'ਜ਼ੀਰੋ-ਐਮਡੀਆਰ' ਢਾਂਚੇ ਦੇ ਅਧੀਨ ਆਉਣ ਵਾਲੇ ਛੋਟੇ ਵਪਾਰੀਆਂ ਨੂੰ ਵੀ ਇਸ ਤੋਂ ਛੋਟ ਮਿਲਦੀ ਰਹੇਗੀ।

ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਕਿਉਂਕਿ ਇਹ ਫੀਸ ਸਿਰਫ਼ ਸੀਮਤ ਮਾਮਲਿਆਂ ਵਿੱਚ ਹੀ ਲਾਗੂ ਹੋਵੇਗੀ, ਇਸ ਲਈ ਵਪਾਰੀਆਂ ਕੋਲ ਆਪਣੇ ਸਾਰੇ ਗਾਹਕਾਂ ਲਈ ਕੀਮਤਾਂ ਵਧਾਉਣ ਦੀ ਬਹੁਤ ਘੱਟ ਗੁੰਜਾਇਸ਼ ਹੋਵੇਗੀ। NPCI ਨੇ ਅੱਗੇ ਕਿਹਾ ਕਿ P2P ਟ੍ਰਾਂਸਫਰ ਅਤੇ P2PM ਸ਼੍ਰੇਣੀਆਂ ਦੇ ਤਹਿਤ ਛੋਟੇ ਵਪਾਰੀਆਂ ਨਾਲ ਸਬੰਧਤ ਲੈਣ-ਦੇਣ 'ਤੇ ਕੋਈ MDR ਨਹੀਂ ਲਗਾਇਆ ਜਾਵੇਗਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਨਾਲ ਮੁਹਾਲੀ ਹਾਕੀ ਸਟੇਡੀਅਮ ਪਹੁੰਚੇ

ਸਾਂਝੀ ਖ਼ਬਰ

(ਗੁਰਜੀਤ ਕੌਰ)
ਮੁਹਾਲੀ,



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਨਾਲ ਮੁਹਾਲੀ ਦੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਵਿੱਚ ਭਾਰਤ ਅਤੇ ਜਾਪਾਨ ਵਿਚਕਾਰ ਖੇਡੇ ਜਾਣ ਵਾਲਾ ਫਾਈਨਲ ਮੈਚ ਦੇਖਣ ਲਈ ਪਹੁੰਚੇ। ਸਭ ਤੋਂ ਪਹਿਲਾਂ ਉਹਨਾਂ ਨੇ ਪੂਰੇ ਗਰਾਊਂਡ ਦਾ ਚੱਕਰ ਲਗਾ ਕੇ ਦਰਸ਼ਕਾਂ ਦਾ ਵੱਡੀ ਗਿਣਤੀ ਵਿੱਚ ਪਹੁੰਚਣ ਤੇ ਹੱਥ ਹਿਲਾ ਕੇ ਧੰਨਵਾਦ ਕੀਤਾ। ਮੈਚ ਸ਼ੁਰੂ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਦੋਵਾਂ ਟੀਮਾਂ ਭਾਰਤ ਅਤੇ ਜਾਪਾਨ ਦੇ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ। ਉਸ ਤੋਂ ਬਾਅਦ ਭਾਰਤ ਦੇ ਖਿਡਾਰੀ ਹਾਰਦਿਕ ਜਿਨਾਂ ਦਾ ਕਿ ਅੱਜ ਇਹ 200ਵਾਂ ਮੈਚ ਸੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜਰਸੀ ਭੇਂਟ ਕੀਤੀ ਅਤੇ ਮੁਬਾਰਕਬਾਦ ਦਿੱਤੀ।

ਪੰਜਾਬ ਦੇ 7 ਜ਼ਿਲਿਆਂ ਨੂੰ ਲੈ ਕੇ ਕੇਂਦਰ ਦਾ ਵੱਡਾ ਫ਼ੈਸਲਾ, ਅਧਿਕਾਰੀਆਂ ਨੂੰ ਜਾਰੀ ਹੋਏ ਹੁਕਮ

ਸਾਂਝੀ ਖ਼ਬਰ

(ਸੁਖਜੀਤ ਕੌਰ)
ਚੰਡੀਗੜ੍ਹ/ਬਰਨਾਲਾ, 05 ਨਵੰਬਰ



ਕੇਂਦਰ ਦੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ. ਏ. ਕਿਊ. ਐੱਮ.) ਨੇ ਐਤਵਾਰ ਨੂੰ ਪੰਜਾਬ ਦੇ 7 ਜ਼ਿਲਿਆਂ ਦੇ ਅਧਿਕਾਰੀਆਂ ਨੂੰ ਪਰਾਲੀ ਸਾੜਨ ਦੀਆਂ ਵੱਧਦੀਆਂ ਘਟਨਾਵਾਂ 'ਤੇ ਰੋਕ ਲਾਉਣ ਲਈ ਸਖ਼ਤੀ ਨਾਲ ਨਿਗਰਾਨੀ ਕਰਨ ਅਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਇਹ ਹੁਕਮ ਸੀ. ਏ. ਕਿਊ. ਐੱਮ. ਦੇ ਮੈਂਬਰ ਸਕੱਤਰ ਤਰੁਣ ਪੀਠੋੜੇ ਦੀ ਪ੍ਰਧਾਨਗੀ ਹੇਠ ਹੋਈ ਸਮੀਖਿਆ ਬੈਠਕ ਦੌਰਾਨ ਦਿੱਤੇ ਗਏ। ਬੈਠਕ 'ਚ ਫਰੀਦਕੋਟ, ਫਿਰੋਜ਼ਪੁਰ, ਬਰਨਾਲਾ, ਬਠਿੰਡਾ, ਪਟਿਆਲਾ, ਮਾਲੇਰਕੋਟਲਾ ਅਤੇ ਸੰਗਰੂਰ ਦੇ ਜ਼ਿਲਾ ਮੈਜਿਸਟ੍ਰੇਟ ਅਤੇ ਸੀਨੀਅਰ ਪੁਲਸ ਕਪਤਾਨ ਸ਼ਾਮਲ ਹੋਏ। ਸੀ. ਏ. ਕਿਊ. ਐੱਮ. ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਮੈਂਬਰ ਸਕੱਤਰ ਤਰੁਣ ਪੀਠੋੜੇ ਨੇ ਪੰਜਾਬ 'ਚ ਪਰਾਲੀ ਸਾੜਨ ਦੀਆਂ ਹਾਲੀਆ ਘਟਨਾਵਾਂ 'ਚ ਵਾਧੇ ਦੇ ਮੱਦੇਨਜ਼ਰ ਅੱਜ ਸਮੀਖਿਆ ਬੈਠਕ ਕੀਤੀ। ਬੈਠਕ 'ਚ ਅਧਿਕਾਰੀਆਂ ਵੱਲੋਂ ਕੀਤੀ ਗਈ ਕਾਰਵਾਈ ਅਤੇ ਪਰਾਲੀ ਪ੍ਰਬੰਧਨ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ। ਕਮਿਸ਼ਨ ਨੇ ਕਿਹਾ ਕਿ ਅਧਿਕਾਰੀਆਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਮਸ਼ੀਨਾਂ ਦੀ ਪ੍ਰਭਾਵਸ਼ਾਲੀ ਤਾਇਨਾਤੀ ਯਕੀਨੀ ਬਣਾਉਣ ਦਾ ਵੀ ਹੁਕਮ ਦਿੱਤਾ ਗਿਆ। ਅਧਿਕਾਰੀਆਂ ਨੂੰ ਕਿਸਾਨਾਂ ਵਿਚਾਲੇ ਜਾਗਰੂਕਤਾ ਮੁਹਿੰਮ ਤੇਜ਼ ਕਰਨ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੁਲਸ ਮੁਲਾਜ਼ਮਾਂ ਸਮੇਤ ਪ੍ਰਸ਼ਾਸਨਿਕ ਪੱਧਰ ਦੇ ਮੁਲਾਜ਼ਮਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਲਈ ਕਿਹਾ ਗਿਆ।

ਨੌਜਵਾਨਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਵਧ ਰਿਹਾ ਰੁਝਾਨ ਪੰਜਾਬ ਦੀ ਸਿਆਸਤ ਵਿੱਚ ਬਦਲਾਅ ਦਾ ਸੰਕੇਤ : ਸੰਜੀਵ ਤਲਵਾੜ

ਸਾਂਝੀ ਖ਼ਬਰ

ਸੁਖਬੀਰ ਬਾਦਲ ਦੀ ਅਗਵਾਈ ਵਿੱਚ ਪੰਜਾਬ ਨੂੰ ਮੁੜ ਵਿਕਾਸ ਦੀਆਂ ਲੀਹਾਂ 'ਤੇ ਲਿਆਉਣ ਦੀ ਉਮੀਦ ਨਾਲ ਨੌਜਵਾਨ ਪਾਰਟੀ ਨਾਲ ਜੁੜ ਰਹੇ ਹਨ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 5 ਨਵੰਬਰ

ਪੰਜਾਬ ਦੀ ਮੌਜੂਦਾ ਸਿਆਸੀ ਅਤੇ ਆਰਥਿਕ ਸਥਿਤੀ ਤੋਂ ਨਿਰਾਸ਼ ਹੋ ਰਹੇ ਨੌਜਵਾਨਾਂ ਦਾ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਧਦਾ ਵਿਸ਼ਵਾਸ ਆਉਣ ਵਾਲੇ ਸਮੇਂ ਵਿੱਚ ਸੂਬੇ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇਣ ਦੀ ਸਮਰੱਥਾ ਰੱਖਦਾ ਹੈ। ਨੌਜਵਾਨ ਵਰਗ ਹੁਣ ਪੰਜਾਬ ਦੇ ਭਵਿੱਖ, ਰੁਜ਼ਗਾਰ ਦੇ ਮੌਕਿਆਂ ਅਤੇ ਸੂਬੇ ਦੀ ਆਰਥਿਕ ਮਜ਼ਬੂਤੀ ਨੂੰ ਲੈ ਕੇ ਗੰਭੀਰਤਾ ਨਾਲ ਸੋਚ ਰਿਹਾ ਹੈ। ਇਸੇ ਕਾਰਨ ਨੌਜਵਾਨਾਂ ਦਾ ਪਾਰਟੀ ਨਾਲ ਜੁੜਨ ਦਾ ਸਿਲਸਿਲਾ ਲਗਾਤਾਰ ਤੇਜ਼ ਹੋ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਸੰਜੀਵ ਤਲਵਾੜ ਨੇ ਹਲਕਾ ਯੂਥ ਪ੍ਰਧਾਨ ਗੁਰਵਿੰਦਰ ਧੁੱਗਾ ਦੀ ਪ੍ਰੇਰਨਾ ਸਦਕਾ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਦਾ ਸਵਾਗਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਸੂਬੇ ਦੀ ਤਰੱਕੀ ਵਿੱਚ ਨੌਜਵਾਨਾਂ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ ਅਤੇ ਜਦੋਂ ਨੌਜਵਾਨ ਕਿਸੇ ਸਿਆਸੀ ਜਥੇਬੰਦੀ ਨਾਲ ਜੁੜਦੇ ਹਨ ਤਾਂ ਇਹ ਉਸ ਜਥੇਬੰਦੀ ਦੀਆਂ ਨੀਤੀਆਂ ਅਤੇ ਅਗਵਾਈ ਪ੍ਰਤੀ ਉਨ੍ਹਾਂ ਦੇ ਭਰੋਸੇ ਨੂੰ ਦਰਸਾਉਂਦਾ ਹੈ। ਸੰਜੀਵ ਤਲਵਾੜ ਨੇ ਕਿਹਾ ਕਿ ਪੰਜਾਬ ਅੱਜ ਆਰਥਿਕ ਸੰਕਟ, ਬੇਰੁਜ਼ਗਾਰੀ ਅਤੇ ਵਿਕਾਸ ਦੀਆਂ ਚੁਣੌਤੀਆਂ ਨਾਲ ਜੂਝ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਲਿਜਾਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਜਿਹੀ ਅਗਵਾਈ ਦੀ ਲੋੜ ਹੈ, ਜੋ ਸਿਰਫ਼ ਵਾਅਦਿਆਂ ਤੱਕ ਸੀਮਤ ਨਾ ਰਹੇ, ਸਗੋਂ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਤਰਜੀਹ ਦੇਵੇ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸੁਖਬੀਰ ਸਿੰਘ ਬਾਦਲ ਪੰਜਾਬ ਨੂੰ ਮੁੜ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਅਤੇ ਵਿਕਾਸ ਦੀ ਗਤੀ ਤੇਜ਼ ਕਰਨ ਦੀ ਸਮਰੱਥਾ ਰੱਖਦੇ ਹਨ।

ਇਸ ਮੌਕੇ ਹਲਕਾ ਯੂਥ ਪ੍ਰਧਾਨ ਗੁਰਵਿੰਦਰ ਸਿੰਘ ਨੇ ਕਿਹਾ ਕਿ ਨੌਜਵਾਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਉਤਸ਼ਾਹ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨੌਜਵਾਨਾਂ ਨਾਲ ਸਿੱਧਾ ਸੰਵਾਦ ਕਾਇਮ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਭਵਿੱਖ ਸਬੰਧੀ ਚਿੰਤਾ ਪ੍ਰਗਟਾਉਣ ਨਾਲ ਨੌਜਵਾਨ ਵਰਗ ਵਿੱਚ ਨਵਾਂ ਵਿਸ਼ਵਾਸ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੰਜਾਬ ਵਿੱਚ ਅਜਿਹੀ ਸਿਆਸੀ ਤਬਦੀਲੀ ਚਾਹੁੰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਆਪਣੇ ਹੀ ਸੂਬੇ ਵਿੱਚ ਰੁਜ਼ਗਾਰ, ਕਾਰੋਬਾਰ ਅਤੇ ਤਰੱਕੀ ਦੇ ਬਿਹਤਰ ਮੌਕੇ ਮਿਲ ਸਕਣ। ਇਸ ਮੌਕੇ ਗੌਰਵ, ਆਰੀਅਨ ਸ਼ਰਮਾ, ਸੁਸ਼ੀਲ ਠਾਕੁਰ ਅਤੇ ਗੁਰਵਿੰਦਰ ਸਿੰਘ ਗੋਲਡੀ ਨੇ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਹਾਸਲ ਕਰਕੇ ਪਾਰਟੀ ਦੀਆਂ ਨੀਤੀਆਂ ਪ੍ਰਤੀ ਆਪਣਾ ਭਰੋਸਾ ਪ੍ਰਗਟਾਇਆ। ਪਾਰਟੀ ਆਗੂਆਂ ਨੇ ਨਵੇਂ ਸ਼ਾਮਲ ਹੋਏ ਨੌਜਵਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਨੌਜਵਾਨਾਂ ਨੂੰ ਜਥੇਬੰਦੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਮੌਕੇ ਜ਼ਿਲ੍ਹਾ ਯੂਥ ਪ੍ਰਧਾਨ ਅਮਰਿੰਦਰ ਸੈਨਪੁਰ, ਮਨਪ੍ਰੀਤ ਸੰਧੂ ਅਤੇ ਵਪਾਰ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਾਬੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਨੌਜਵਾਨਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ।

'ਆਪ' ਦੇ ਤਿੰਨ ਵਿਧਾਇਕਾਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਪੰਜਾਬ ਸਰਕਾਰ ਦੀ ਨਾਕਾਮੀ ਦਾ ਸਬੂਤ : ਨਿਤਿਨ ਗੁਪਤਾ ਨੰਨੂ

ਸਾਂਝੀ ਖ਼ਬਰ

ਪੰਜਾਬ ਦੀ ਜਨਤਾ ਆਉਣ ਵਾਲੀਆਂ ਚੋਣਾਂ ਵਿੱਚ ਸਰਕਾਰ ਤੋਂ ਮੰਗੇਗੀ ਪੰਜ ਸਾਲਾਂ ਦਾ ਹਿਸਾਬ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 5 ਨਵੰਬਰ

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨਿਤਿਨ ਗੁਪਤਾ ਨੰਨੂ ਨੇ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਪੰਜਾਬ ਦੀ ਸਿਆਸਤ ਵਿੱਚ ਵੱਡਾ ਮੋੜ ਹੈ ਅਤੇ ਇਸ ਨਾਲ 'ਆਪ' ਦੀ ਅੰਦਰੂਨੀ ਸਥਿਤੀ ਸਾਹਮਣੇ ਆ ਗਈ ਹੈ। ਉਨ੍ਹਾਂ ਕਿਹਾ ਕਿ ਬਦਲਾਅ ਅਤੇ ਇਮਾਨਦਾਰ ਰਾਜਨੀਤੀ ਦੇ ਵਾਅਦੇ ਕਰਕੇ ਸੱਤਾ ਵਿੱਚ ਆਈ ਪਾਰਟੀ ਦੇ ਆਪਣੇ ਹੀ ਆਗੂ ਹੁਣ ਉਸ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਕੇ ਦੂਜੀਆਂ ਪਾਰਟੀਆਂ ਵੱਲ ਜਾ ਰਹੇ ਹਨ।

ਨਿਤਿਨ ਗੁਪਤਾ ਨੰਨੂ ਨੇ ਕਿਹਾ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ, ਚੇਤਨ ਸਿੰਘ ਜੌੜਾਮਾਜਰਾ ਅਤੇ ਹਰਮੀਤ ਸਿੰਘ ਪਠਾਣਮਾਜਰਾ ਵਰਗੇ ਆਗੂਆਂ ਦਾ ਭਾਜਪਾ ਨਾਲ ਜੁੜਨਾ 'ਆਪ' ਲਈ ਵੱਡਾ ਸਿਆਸੀ ਝਟਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਦਲਾਅ ਦੀ ਆਸ ਨਾਲ ਸਰਕਾਰ ਨੂੰ ਮੌਕਾ ਦਿੱਤਾ ਸੀ, ਪਰ ਨਸ਼ਿਆਂ, ਬੇਰੁਜ਼ਗਾਰੀ, ਉਦਯੋਗਾਂ ਦੀ ਮੰਦੀ ਹਾਲਤ ਅਤੇ ਵਿਗੜ ਰਹੀ ਕਾਨੂੰਨ ਵਿਵਸਥਾ ਵਰਗੇ ਮੁੱਦੇ ਅੱਜ ਵੀ ਗੰਭੀਰ ਚੁਣੌਤੀ ਬਣੇ ਹੋਏ ਹਨ।

ਉਨ੍ਹਾਂ ਕਿਹਾ ਕਿ ਸਿਆਸਤ ਸਿਰਫ਼ ਇਸ਼ਤਿਹਾਰਾਂ, ਭਾਸ਼ਣਾਂ ਅਤੇ ਚੋਣ ਵਾਅਦਿਆਂ ਨਾਲ ਨਹੀਂ ਚੱਲਦੀ, ਸਗੋਂ ਸਰਕਾਰ ਦੀ ਕਾਰਗੁਜ਼ਾਰੀ ਜ਼ਮੀਨੀ ਪੱਧਰ 'ਤੇ ਦਿਖਾਈ ਦੇਣੀ ਚਾਹੀਦੀ ਹੈ। ਪੰਜਾਬ ਦੇ ਨੌਜਵਾਨ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਜਾ ਰਹੇ ਹਨ, ਵਪਾਰੀ ਵਰਗ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ ਅਤੇ ਨਸ਼ਿਆਂ ਦੀ ਸਮੱਸਿਆ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਸਰਕਾਰ ਨੂੰ ਇਨ੍ਹਾਂ ਮੁੱਦਿਆਂ 'ਤੇ ਜਵਾਬਦੇਹ ਹੋਣਾ ਚਾਹੀਦਾ ਹੈ।ਭਾਜਪਾ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਐੱਨ.ਡੀ.ਏ. ਦੀ ਸਰਕਾਰ ਬਣਾਉਣ ਦਾ ਸੰਕਲਪ ਸੂਬੇ ਲਈ ਨਵੀਂ ਉਮੀਦ ਹੈ। ਭਾਜਪਾ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ, ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਉਦਯੋਗਾਂ ਨੂੰ ਹੁਲਾਰਾ ਦੇਣ ਅਤੇ ਆਰਥਿਕਤਾ ਮਜ਼ਬੂਤ ਕਰਨ ਲਈ ਵਚਨਬੱਧ ਹੈ। ਪੰਜਾਬ ਨੂੰ ਅਜਿਹੀ ਸਰਕਾਰ ਦੀ ਲੋੜ ਹੈ ਜੋ ਸਿਰਫ਼ ਐਲਾਨ ਨਹੀਂ, ਸਗੋਂ ਨਤੀਜੇ ਦੇਵੇ।

ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਕਾਂਗਰਸ ਦੀ ਰੈਲੀ ਬਾਰੇ ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਰੈਲੀਆਂ ਅਤੇ ਬਿਆਨਾਂ ਤੋਂ ਅੱਗੇ ਵਧ ਕੇ ਦੇਸ਼ ਤੇ ਸੂਬੇ ਦੇ ਵਿਕਾਸ ਲਈ ਆਪਣਾ ਸਪੱਸ਼ਟ ਏਜੰਡਾ ਲੋਕਾਂ ਸਾਹਮਣੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੇਸ਼ ਦੀ ਸੁਰੱਖਿਆ, ਵਿਕਾਸ ਅਤੇ ਲੋਕ-ਹਿੱਤ ਲਈ ਲਗਾਤਾਰ ਕੰਮ ਕਰ ਰਹੀ ਹੈ।

ਨਿਤਿਨ ਗੁਪਤਾ ਨੰਨੂ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਸਿਆਸੀ ਹਾਲਾਤ ਬਦਲ ਰਹੇ ਹਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਮੌਜੂਦਾ ਸਰਕਾਰ ਤੋਂ ਪੰਜ ਸਾਲਾਂ ਦੇ ਕਾਰਜਕਾਲ ਦਾ ਪੂਰਾ ਹਿਸਾਬ ਮੰਗਣਗੇ। ਉਨ੍ਹਾਂ ਕਿਹਾ ਕਿ ਭਾਜਪਾ ਆਪਣੀਆਂ ਸਿਆਸੀ ਅਤੇ ਜਥੇਬੰਦਕ ਸਰਗਰਮੀਆਂ ਤੇਜ਼ ਕਰਦਿਆਂ ਲੋਕਾਂ ਦੇ ਮੁੱਦਿਆਂ ਨੂੰ ਮਜ਼ਬੂਤੀ ਨਾਲ ਉਠਾਏਗੀ ਅਤੇ ਪੰਜਾਬ ਨੂੰ ਤਰੱਕੀ ਤੇ ਖੁਸ਼ਹਾਲੀ ਦੇ ਰਾਹ 'ਤੇ ਲਿਜਾਣ ਲਈ ਯਤਨਸ਼ੀਲ ਰਹੇਗੀ।

ਪੈਸਾ ਕਮਾਉਣ ਦੇ ਨਾਲ ਭਵਿੱਖ ਲਈ ਵਿੱਤੀ ਯੋਜਨਾਵਾਂ ਬਣਾਉਣਾ ਵੀ ਬੇਹੱਦ ਜ਼ਰੂਰੀ : ਪਰਮਜੀਤ ਸਿੰਘ ਸਚਦੇਵਾ

ਸਾਂਝੀ ਖ਼ਬਰ

ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਵਿਦਿਆਰਥੀਆਂ ਨੂੰ ਵਿੱਤੀ ਪ੍ਰਬੰਧਨ ਪ੍ਰਤੀ ਕੀਤਾ ਜਾਗਰੂਕ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 5 ਅਕਤੂਬਰ

ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਜਲੰਧਰ ਵਿਖੇ ਵਿਦਿਆ-ਰਥੀਆਂ ਦੇ ਗਿਆਨ ਅਤੇ ਵਿੱਤੀ ਸਮਝ ਨੂੰ ਵਧਾਉਣ ਦੇ ਉਦੇਸ਼ ਨਾਲ ਵੈਲਥ ਕ੍ਰੀਏਸ਼ਨ ਅਤੇ ਮੈਨੇਜਮੈਂਟ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸਚਦੇਵਾ ਸਟਾਕਸ ਹੁਸ਼ਿਆਰਪੁਰ ਦੇ ਮੈਨੇਜਿੰਗ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਪਰਮਜੀਤ ਸਿੰਘ ਸਚਦੇਵਾ ਨੇ ਵਿਦਿਆਰਥੀਆਂ ਨੂੰ ਧਨ ਸਿਰਜਣ, ਨਿਵੇਸ਼ ਦੀਆਂ ਸਹੀ ਰਣਨੀਤੀਆਂ, ਵਿੱਤੀ ਯੋਜਨਾਬੰਦੀ ਅਤੇ ਪੈਸੇ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਸਬੰਧੀ ਅਹਿਮ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਸਿਰਫ਼ ਪੈਸਾ ਕਮਾਉਣਾ ਹੀ ਕਾਫ਼ੀ ਨਹੀਂ, ਸਗੋਂ ਉਸ ਨੂੰ ਸਹੀ ਢੰਗ ਨਾਲ ਨਿਵੇਸ਼ ਕਰਨਾ ਅਤੇ ਭਵਿੱਖ ਲਈ ਵਿੱਤੀ ਯੋਜਨਾਵਾਂ ਬਣਾਉਣਾ ਵੀ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਸ਼ੇਅਰ ਬਾਜ਼ਾਰ ਦੀ ਕਾਰਜਪ੍ਰਣਾਲੀ, ਨਿਵੇਸ਼ ਨਾਲ ਜੁੜੇ ਜੋਖ਼ਮਾਂ, ਲੰਬੇ ਸਮੇਂ ਦੇ ਨਿਵੇਸ਼ ਦੀ ਮਹੱਤਤਾ ਅਤੇ ਵਿੱਤੀ ਅਨੁਸ਼ਾਸਨ ਬਾਰੇ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਨੌਜਵਾਨਾਂ ਨੂੰ ਆਰਥਿਕ ਤੌਰ 'ਤੇ ਜਾਗਰੂਕ ਹੋਣ ਅਤੇ ਸੋਚ-ਸਮਝ ਕੇ ਨਿਵੇਸ਼ ਸਬੰਧੀ ਫ਼ੈਸਲੇ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸੀਟੀ ਗਰੁੱਪ ਦੇ ਕੈਂਪਸ ਡਾਇਰੈਕਟਰ ਅਨੁਰਾਗ ਸ਼ਰਮਾ, ਪਲੇਸਮੈਂਟ ਹੈੱਡ ਸੰਦੀਪ ਸ਼ਰਮਾ, ਮੈਨੇਜਮੈਂਟ ਸਟੱਡੀਜ਼ ਵਿਭਾਗ ਦੀ ਮੁਖੀ ਡਾ. ਸਾਧਨਾ ਅਤੇ ਟ੍ਰੇਨਿੰਗ ਐਂਡ ਪਲੇਸਮੈਂਟ ਅਫ਼ਸਰ ਸੰਦੀਪ ਸ਼ਰਮਾ ਸਮੇਤ ਹੋਰ ਮੈਂਬਰ ਵੀ ਮੌਜੂਦ ਸਨ।

ਸੰਸਥਾ ਦੇ ਨੁਮਾਇੰਦਿਆਂ ਨੇ ਕਿਹਾ ਕਿ ਅਜਿਹੇ ਮਾਹਿਰਾਂ ਦੇ ਲੈਕਚਰ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਵਿਹਾਰਕ ਤਜਰਬਾ ਵੀ ਪ੍ਰਦਾਨ ਕਰਦੇ ਹਨ। ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਆਰਥਿਕ ਚੁਣੌਤੀਆਂ ਨੂੰ ਸਮਝਣ ਅਤੇ ਆਪਣੇ ਕਰੀਅਰ ਦੇ ਨਾਲ-ਨਾਲ ਵਿੱਤੀ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵਿੱਤੀ ਤੌਰ 'ਤੇ ਜਾਗਰੂਕ, ਆਤਮਨਿਰਭਰ ਅਤੇ ਆਪਣੇ ਭਵਿੱਖ ਪ੍ਰਤੀ ਜ਼ਿੰਮੇਵਾਰ ਬਣਾਉਣਾ ਸੀ।

ਸਖੀ ਸ਼ਕਤੀ ਮੀਟਿੰਗ ਦੇ ਦੂਜੇ ਦਿਨ ਵੀ ਔਰਤਾਂ ਦਾ ਭਾਰੀ ਉਤਸ਼ਾਹ, ਮੰਤਰੀ ਸੌਂਦ ਨੇ ਕੀਤਾ ਸਿੱਧਾ ਸੰਵਾਦ

ਸਾਂਝੀ ਖ਼ਬਰ

ਔਰਤਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਲਈ ਆਮ ਆਦਮੀ ਪਾਰਟੀ ਦੀ ਪਹਿਲਕਦਮੀ ਦੀਆਂ ਸਖੀਆਂ ਨੇ ਕੀਤੀ ਸ਼ਲਾਘਾ, ਪਾਰਟੀ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਰਹਿਣ ਦਾ ਲਿਆ ਸੰਕਲਪ



ਜਸਵੀਰ ਸਿੰਘ ਮਣਕੂ
ਖੰਨਾ, 5 ਨਵੰਬਰ

ਆਮ ਆਦਮੀ ਪਾਰਟੀ ਖੰਨਾ ਵੱਲੋਂ ਕਰਵਾਈ ਗਈ ਸਖੀ ਸ਼ਕਤੀ ਮੀਟਿੰਗ ਦੇ ਦੂਜੇ ਦਿਨ ਵੀ ਔਰਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਪੰਜਾਬ ਦੇ ਕੈਬਨਿਟ ਮੰਤਰੀ ਅਤੇ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਆਪਣੇ ਪਰਿਵਾਰ ਸਮੇਤ ਸਖੀਆਂ ਵਿਚਕਾਰ ਪਹੁੰਚ ਕੇ ਉਨ੍ਹਾਂ ਨਾਲ ਸਿੱਧਾ ਸੰਵਾਦ ਕੀਤਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ, ਸੁਝਾਅ ਅਤੇ ਵਿਚਾਰਾਂ ਨੂੰ ਸੁਣਿਆ। ਇਸ ਦੌਰਾਨ ਸਖੀਆਂ ਨੇ ਮੰਤਰੀ ਸੌਂਦ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਔਰਤਾਂ ਨੂੰ ਜੋ ਮਾਣ-ਸਨਮਾਨ ਅਤੇ ਆਪਣਾਪਣ ਦਿੱਤਾ ਜਾ ਰਿਹਾ ਹੈ, ਉਹ ਉਨ੍ਹਾਂ ਲਈ ਬੇਹੱਦ ਖਾਸ ਹੈ। ਔਰਤਾਂ ਨੇ ਪਾਰਟੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਹਮੇਸ਼ਾ ਪਾਰਟੀ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਰਹਿਣ ਦਾ ਸੰਕਲਪ ਲਿਆ। ਮੰਤਰੀ ਸੌਂਦ ਨੇ ਕਿਹਾ ਕਿ ਸਮਾਜ ਦੀ ਮਜ਼ਬੂਤੀ ਅਤੇ ਵਿਕਾਸ ਲਈ ਔਰਤਾਂ ਦੀ ਭਾਗੀਦਾਰੀ ਬੇਹੱਦ ਜ਼ਰੂਰੀ ਹੈ। ਸਖੀ ਸ਼ਕਤੀ ਵਰਗੀਆਂ ਪਹਿਲਕਦ-ਮੀਆਂ ਔਰਤਾਂ ਨੂੰ ਸਨਮਾਨ ਦੇਣ ਦੇ ਨਾਲ-ਨਾਲ ਆਪਣੇ ਵਿਚਾਰ ਰੱਖਣ ਦਾ ਮੌਕਾ ਵੀ ਪ੍ਰਦਾਨ ਕਰਦੀਆਂ ਹਨ। ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਮਹਿਲਾ ਵਰਕਰ ਮੌਜੂਦ ਸਨ।

18ਵੀਂ ਰਾਸ਼ਟਰੀ ਯੁਵਾ ਸੰਸਦ ਦਾ ਮਾਰਕੰਡਾ ਨੈਸ਼ਨਲ ਕਾਲਜ ਵਿਚ ਸਫਲ ਆਯੋਜਨ

ਸਾਂਝੀ ਖ਼ਬਰ

ਸਾਬਕਾ ਰਾਜ ਸਭਾ ਮੈਂਬਰ ਈਸ਼ਵਰ ਸਿੰਘ ਨੇ ਕਿਹਾ ਕਿ ਯੁਵਾ ਸੰਸਦ ਲੋਕਤੰਤਰ ਦਾ ਅਸਲ ਸਕੂਲ ਹੈ ,ਇਥੇ ਆਉਣ ਵਾਲੇ ਨੌਜੁਆਨ ਕੱਲ ਦੇਸ਼ ਦੀ ਅਗਵਾਈ ਕਰਨਗੇ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 5 ਨਵੰਬਰ

ਭਾਰਤ ਸਰਕਾਰ ਦੇ ਸੰਸਦੀ ਮਾਮਲਿਆਂ ਦੇ ਮੰਤਰਾਲੇ ਨਵੀਂ ਦਿੱਲੀ ਦੀ ਅਗਵਾਈ ਹੇਠ 18 ਵੀਂ ਰਾਸ਼ਟਰੀ ਯੁਵਾ ਸੰਸਦ ਦਾ ਆਯੋਜਨ ਅੱਜ ਮਾਰਕੰਡਾ ਨੈਸ਼ਨਲ ਕਾਲਜ ਦੇ ਰਾਜਨੀਤੀ ਵਿਭਾਗ ਦੀ ਮੁੱਖੀ ਡਾ ਸ਼ਾਲਿਨੀ ਸ਼ਰਮਾ ਦੀ ਯੋਗ ਨਿਗਰਾਨੀ ਹੇਠ ਇਕ ਸ਼ਾਨਦਾਰ ਤੇ ਸਫਲ ਢੰਗ ਨਾਲ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆ ਦੀ ਦੇਵੀ ਸਰਸਵਤੀ ਦੇ ਸਾਹਮਣੇ ਮੁੱਖ ਮਹਿਮਾਨ ਸਾਬਕਾ ਰਾਜ ਸਭਾ ਮੈਂਬਰ ਈਸ਼ਵਰ ਸਿੰਘ ਤੇ ਕਾਲਜ ਪ੍ਰਬੱਧਕ ਕਮੇਟੀ ਦੇ ਮੈਂਬਰਾਂ ਨੇ ਨੇ ਦੀਪ ਪ੍ਰਜਵਿਲਤ ਕਰ ਕੇ ਕੀਤੀ । ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ ਸੁਰਿੰਦਰ ਸਿੰਘ ਕਾਜਲ ਨੇ ਆਏ ਸਾਰੇ ਮਹਿਮਾਨਾਂ ਦਾ ਗੁਲਦਸਤੇ ਭੇਂਟ ਕਰ ਸੁਆਗਤ ਕੀਤਾ। ਉਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਕਾਲਜ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਾਨੂੰ ਭਾਰਤ ਸਰਕਾਰ ਦੀ ਇਸ ਵੱਕਾਰੀ ਸਮਾਗਮ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ। ਨਿਰਨਾਇਕ ਮੰਡਲ ਦੀ ਭੂਮਿਕਾ ਡਾ ਸ਼ਾਹਿਦ ਅਲੀ ਖਾਨ ਸਮੂਹ ਕੋਆਰਡੀਨੇਟਰ ਸੰਸਦੀ ਮਾਮਲਿਆਂ ਦਾ ਮੰਤਰਾਲਾ,ਕਸ਼ਮੀਰ ਯੂਨੀਵਰਿਸਟੀ ਸ੍ਰੀ ਨਗਰ,ਡਾ ਰਮਨ ਕਾਂਤਾਂ ਸ਼ਰਮਾ ਸਾਬਕਾ ਪ੍ਰਿੰਸੀਪਲ, ਨੇ ਨੌਜੁਆਨ ਸੰਸਦ ਮੈਂਬਰਾਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕੀਤਾ। ਪ੍ਰੋਗਰਾਮ ਦੀ ਪ੍ਰਧਾਨਗੀ ਕਾਲਜ ਪ੍ਰਬੰਧਕ ਕਮੇਟੀ ਦੇ ਮੁੱਖੀ ਯਸ਼ਪਾਲ ਵਧਵਾ ਨੇ ਕੀਤੀ। ਮੰਚ ਦਾ ਸੰਚਾਲਨ ਰਾਜ ਨੀਤੀ ਸ਼ਾਸ਼ਤਰ ਵਿਭਾਗ ਦੀ ਮੁੱਖੀ ਡਾ ਸ਼ਾਲਿਨੀ ਸ਼ਰਮਾ ਨੇ ਬਾਖੂਬੀ ਕੀਤਾ। ਮੁੱਖ ਮਹਿਮਾਨ ਤੇ ਜਿਊਰੀ ਦੇ ਚੇਅਰਮੈਨ ਸਾਬਕਾ ਰਾਜ ਸਭਾ ਮੈਂਬਰ ਈਸ਼ਵਰ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਯੁਵਾ ਸੰਸਦ ਲੋਕਤੰਤਰ ਦਾ ਅਸਲ ਸਕੂਲ ਹੈ । ਇਥੇ ਆਉਣ ਵਾਲੇ ਨੌਜੁਆਨ ਕੱਲ ਦੇਸ਼ ਦੀ ਅਗਵਾਈ ਕਰਨਗੇ। ਉਨਾਂ ਕਿਹਾ ਕਿ ਮਾਰਕੰਡਾ ਕਾਲਜ ਦੇ ਵਿਦਿਆਰਥੀਆਂ ਨੇ ਅੱਜ ਜਿਸ ਤਰਾਂ ਕਿਸਾਨਾਂ, ਬੇਰੁਜਗਾਰੀ , ਔਰਤਾਂ ਦੀ ਸੁਰਿੱਖਆ ਤੇ ਸਿੱਖਿਆ ਵਰਗੇ ਮਿੁੱਦਆਂ ਤੇ ਚਰਚਾ ਕੀਤੀ ਉਹ ਸ਼ਲਾਘਾ ਯੋਗ ਹੈ। ਪੇਡੂੰ ਖੇਤਰ ਵਿਚ ਸਥਿਤ ਹੋਣ ਦੇ ਬਾਵਜੂਦ ਇਹ ਕਾਲਜ ਰਾਸ਼ਟਰੀ ਪੱਧਰ ਦੀ ਸੋਚ ਪੈਦਾ ਕਰ ਰਿਹਾ ਹੈ। ਜੰਮੂ ਤੇ ਕਸ਼ਮੀਰ ਯੂਨੀਵ-ਰਸਿਟੀ ਦੇ ਜਿਊਰੀ ਮੈਂਬਰ ਡਾ ਸ਼ਾਹਿਦ ਅਲੀ ਖਾਨ ਨੇ ਕਿਹਾ ਕਿ ਉਨਾਂ ਨੂੰ ਇਹ ਦੇਖ ਕੇ ਖੁਸ਼ੀ ਹੋਈ ਹੈ ਕਿ ਹਰਿਆਣਾ ਦੇ ਨੌਜੁਆਨ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ। ਯੁਵਾ ਸੰਸਦ ਰਾਸ਼ਟਰੀ ਏਕਤਾ ਦਾ ਸਭ ਤੋਂ ਵੱਡਾ ਪਲੇਟਫਾਰਮ ਹੈ। ਸਾਬਕਾ ਪ੍ਰਿੰਸੀਪਲ ਡਾ ਰਮਨ ਕਾਂਤਾਂ ਸ਼ਰਮਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਧੀਆਂ ਨੂੰ ਵੀ ਸੰਸਦ ਵਿਚ ਆਉਣਾ ਪਵੇਗਾ ਤਾਂ ਹੀ ਦੇਸ਼ ਦੀ ਅੱਧੀ ਆਬਾਦੀ ਸਸ਼ਕਤ ਹੋਵੇਗੀ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਯਸ਼ਪਾਲ ਵਧਵਾ ਨੇ ਕਿਹਾ ਕਿ ਸਾਡਾ ਉਦੇਸ਼ ਸਿਰਫ ਡਿਗਰੀਆਂ ਦੇਣਾ ਨਹੀਂ ਹੈ, ਸਗੋਂ ਚੰਗੇ ਨਾਗਰਿਕ ਪੈਦਾ ਕਰਨਾ ਹੈ। ਉਨਾਂ ਕਿਹਾ ਕਿ ਯੂਥ ਪਾਰਲੀਮੈਂਟ ਵਰਗੇ ਪ੍ਰੋਗਰਾਮ ਵਿਦਿਆਰਥੀਆਂ ਵਿਚ ਲੀਡਰਸ਼ਿਪ ਹੁਨਰ ਵਿਕਸਤ ਕਰਦੇ ਹਨ। ਉਨਾਂ ਕਿਹਾ ਕਿ ਭਵਿੱਖ ਵਿਚ ਵੀ ਕਾਲਜ ਅਜੇਹੇ ਰਾਸ਼ਟਰੀ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਰਹੇਗਾ। ਪ੍ਰੋਗਰਾਮ ਦੇ ਅੰਤ ਵਿਚ ਸ਼ਾਨਦਾਰ ਨੌਜੁਆਨ ਸੰਸਦ ਮੈਂਬਰਾ ਨੂੰ ਸਨਮਾਨਿਤ ਕੀਤਾ ਗਿਆ ਤੇ ਅਗਲੇ ਪੱਧਰ ਲਈ ਚੋਣ ਕੀਤੀ ਗਈ। ਇਸ ਮੌਕੇ ਡਾ ਪ੍ਰਾਚੀ ਅਰੋੜਾ, ਡਾ ਸੁਰੇਸ਼ ਕੁਮਾਰ, ਡਾ ਦੇਵ ਰਾਜ ਸ਼ਰਮਾ, ਪ੍ਰੋ ਪਰਵਿੰਦਰ ,ਮਿਸ ਰਜਤ, ਮਿਸ ਨੇਹਾ ਮਿਸ ਗਗਨਦੀਪ, ਪ੍ਰੋ ਸੰਜੇ ਮਿਸ ਤਨਵੀ, ਕ੍ਰਿਸ਼ਨ, ਓਮ ਪ੍ਰਕਾਸ਼,ਰਾਜੇਸ਼ ਕੁਮਾਰ, ਲਲਿਤ ਸ਼ਰਮਾ, ਈਸ਼ਾਨ,ਮਨੋਜ ।ਅਸ਼ਵਨੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਿਦਿਆਰਥੀ ਮੌਜੂਦ ਸਨ।

ਸਵਿੱਤਰੀ ਬਾਈ ਸਕੂਲ ਦੀ ਏਕ ਦੀਆ ਖੁਸ਼ੀਓਂ ਕੇ ਨਾਮ ਮੁਹਿੰਮ ਰਾਹੀਂ ਲੋੜਵੰਦ ਪਰਿਵਾਰਾਂ ਦੇ ਜੀਵਨ ਵਿਚ ਖੁਸ਼ੀ ਦੀ ਰੋਸ਼ਨੀ ਫੈਲਾਈ

ਸਾਂਝੀ ਖ਼ਬਰ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 5 ਨਵੰਬਰ

ਸਾਵਿੱਤਰੀ ਬਾਈ ਸੀਨੀਅਰ ਸੰਕੈਡਰੀ ਸਕੂਲ ਬਾਬੈਨ ਨੇ ਦੀਵਾਲੀ ਦੇ ਸ਼ੁਭ ਮੌਕੇ ਤੇ ਸਮਾਜਿਕ ਚਿੰਤਾ ਤੇ ਮਨੁੱਖਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਏਕ ਦੀਆ ਖੁਸ਼ੀਓਂ ਕੇ ਨਾਮ ਮੁਹਿੰਮ ਸ਼ੁਰੂ ਕੀਤੀ। ਇਸ ਮੁਹਿੰਮ ਦਾ ਮੁੱਖ ਉਦੇਸ਼ ਲੋੜਵੰਦ ਪਰਿਵਾਰਾਂ ਦੇ ਚਿਹਰਿਆਂ ਤੇ ਮੁਸਕਰਾਹਟ ਲਿਆਉਣਾ ਸੀ ਜੋ ਵਿੱਤੀ ਮੁਸ਼ਕਲਾਂ ਕਾਰਨ ਪੂਰੇ ਉਤਸ਼ਾਹ ਤੇ ਖੁਸ਼ੀ ਨਾਲ ਦੀਵਾਲੀ ਨਹੀਂ ਮਨਾ ਸਕਦੇ। ਵਿਦਿਆਰਥੀਆਂ, ਮਾਂਪਿਆ ਤੇ ਸਕੂਲ ਅਧਿਆਪਕਾਂ ਨੇ ਇਸ ਵਿਸ਼ੇਸ਼ ਮੁਹਿੰਮ ਵਿਚ ਉਤਸ਼ਾਹ ਨਾਲ ਯੋਗਦਾਨ ਪਾਇਆ। ਵਿਦਿਆਰਥੀਆਂ ਨੇ ਮਿੱਟੀ ਦੇ ਦੀਵੇ, ਮੋਮਬੱਤੀਆਂ , ਸਰੋਂ ਦਾ ਤੇਲਤੇ ਕਪੜੇ ਵੀ ਇੱਕਠੇ ਕੀਤੇ। ਸਕੂਲ ਦੇ ਐਮ ਡੀ,ਅਕਸ਼ੈ ਸੈਣੀ, ਵਾਈਸ ਪ੍ਰਿੰਸੀਪਲ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਨਿੱਜੀ ਤੌਰ ਤੇ ਖੁਦ ਝੁੱਗੀ ਝੌਂਪੜੀਆਂ ਦਾ ਦੌਰਾ ਕੀਤਾ ਤੇ ਇੱਕਠੀਆਂ ਕੀਤੀਆਂ ਚੀਜਾਂ ਨੂੰ ਵੰਡਿਆ। ਪਰਿਵਾਰਾਂ ਨੂੰ ਮਿੱਟੀ ਦੇ ਦੀਵੇ ਤੇ ਸਰੋਂ ਦਾ ਤੇਲ ਤੇ ਕਪੜੇ ਦਿੱਤੇ ਤੇ ਉਨਾਂ ਨਾਲ ਕੁਝ ਸਮਾਂ ਬਿਤਾਇਆ , ਖੁਸ਼ੀਆਂ ਸਾਂਝੀਆਂ ਕੀਤੀਆਂ ਤੇ ਦੀਵਾਲੀ ਦੇ ਅਸਲ ਅਰਥ ਨੂੰ ਸਮਝਾਇਆ। ਸਕੂਲ ਦੇ ਐਮ ਡੀ ਅਕਸ਼ੇ ਸੈਣੀ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਤਿਉਹਾਰ ਤਾਂ ਹੀ ਸਾਰਥਕ ਹੁੰਦੇ ਹਨ ਜਦੋਂ ਅਸੀਂ ਆਪਣੀਆਂ ਖੁਸ਼ੀਆਂ ਕਿਸੇ ਦੂਜੇ ਨਾਲ ਸਾਂਝੀਆਂ ਕਰਦੇ ਹਾਂ। ਉਨਾਂ ਕਿਹਾ ਕਿ ਸਮਾਜਿਕ ਸੰਵੇਦਨਸ਼ੀ-ਲਤਾ ਸਹਿਯੋਗ ਤੇ ਸੇਵਾ ਦੀ ਭਾਵਨਾ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਨਾਉਣ ਵਿਚ ਮਹੱਤ-ਵਪੂਰਨ ਭੂਮਿਕਾ ਨਿਭਾਉਂਦੇ ਹਨ। ਸਕੂਲ ਦੀ ਇਹ ਪਹਿਲਕਦਮੀ ਕਿਤਾਬੀ ਗਿਆਨ ਤੋਂ ਪਰੇ ਸੀ ਤੇ ਵਿਦਿਆਰਥੀਆਂ ਨੂੰ ਮਨੁੱਖੀ ਕਦਰਾਂ ਕੀਮਤਾਂ ਸਮਾਜਿਕ ਜਿੰਮੇਵਾਰੀ, ਹਮਦਰਦੀ ਤੇ ਪਰਉਪਕਾਰ ਦਾ ਵਿਹਾਰਕ ਅਨੁਭਵ ਪ੍ਰਦਾਨ ਕਰਦੀ ਹੈ। ਇਸ ਮੁਹਿੰਮ ਰਾਹੀਂ ਬਚਿੱਆਂ ਨੇ ਸਿਖਿਆ ਕਿ ਖੁਸ਼ੀ ਸਿਰਫ ਆਪਣੇ ਆਪ ਨੂੰ ਮਨਾਉਣ ਵਿਚ ਨਹੀਂ ਸਗੋਂ ਦੂਜਿਆਂ ਦੇ ਜੀਵਨ ਵਿਚ ਖੁਸ਼ੀ ਲਿਆਉਣ ਵਿਚ ਹੈ। ਸਕੂਲ ਦਾ ਇਹ ਯਤਨ ਇਸ ਸੰਦੇਸ਼ ਨੂੰ ਹੋਰ ਮਜਬੂਤ ਕਰਦਾ ਹੈ ਦੀਵਾਲੀ ਸਿਰਫ ਘਰਾਂ ਨੂੰ ਰੋਸ਼ਨ ਕਰਨ ਦਾ ਤਿਉਹਾਰ ਨਹੀਂ ਹੈ, ਸਗੋਂ ਲੋੜਵੰਦਾਂ ਦੇ ਜੀਵਨ ਵਿਚ ਉਮੀਦ,ਪਿਆਰ ਤੇ ਖੁਸ਼ੀ ਦਾ ਦੀਵਾ ਜਗਾਉਣ ਦਾ ਮੌਕਾ ਵੀ ਹੈ। ਸਕੂਲ ਪਰਿਵਾਰ ਨੇ ਇਸ ਮੁਹਿੰਮ ਦਾ ਸਮਰਥਨ ਕਰਨ ਵਾਲੇ ਸਾਰੇ ਵਿਦਿਆਰਥੀਆਂ ਤੇ ਮਾਂਪਿਆਂ ਦਾ ਧੰਨਵਾਦ ਕੀਤਾ।

ਅਖੌਤੀ ਆਗੂ ਨਸ਼ਿਆਂ ਨੂੰ ਖਤਮ ਕਰਨ ਦੇ ਮੁੱਦੇ ਤੇ ਪੰਜਾਬ ਵਾਸੀਆਂ ਨੂੰ ਫਿਰ ਵਰਗਲਾਉਣਾ ਚਾਹੁੰਦੇ ਹਨ : ਸਿੰਗੜੀਵਾਲਾ

ਸਾਂਝੀ ਖ਼ਬਰ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ 5 ਨਵੰਬਰ

ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਭਾਜਪਾ ਆਗੂ ਅਮਿਤ ਸ਼ਾਹ ਦੀਆਂ ਪੰਜਾਬ ਫੇਰੀਆਂ ਬਾਦਲ ਅਤੇ ਆਪ ਵਾਲੇ ਮੁੜ ਪੰਜਾਬ ਦੇ ਵੋਟਰਾਂ ਨੂੰ ਨਸ਼ਿਆਂ ਦੇ ਮੁੱਦੇ ਤੇ ਵਰਗਲਾ ਰਹੇ ਹਨ ਪਰ ਪੰਜਾਬ ਵਾਸੀ ਇਸ ਵਾਰ ਸੋਚ ਸਮਝ ਕੇ ਫੈਸਲਾ ਕਰਨਗੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਦਫਤਰ ਵਿਖੇ ਸੀਨੀਅਰ ਆਗੂਆਂ ਨਾਲ ਹੋਈ ਵਿਸ਼ੇਸ਼ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਇਹ ਸਾਰੇ ਅਖੌਤੀ ਆਗੂ ਪੰਜਾਬ ਦੇ ਵੋਟਰਾਂ ਨੂੰ ਫਿਰ ਵਰਗਲਾਉਣਾ ਚਾਹੁੰਦੇ ਹਨ ਪਰ ਅਸੀਂ ਉਮੀਦ ਕਰਦੇ ਹਾਂ ਕਿ ਪੰਜਾਬ ਦੇ ਲੋਕ ਇਹਨਾਂ ਪੰਜਾਬ ਦੋਖੀ ਪਾਰਟੀਆਂ ਅਤੇ ਆਗੂਆਂ ਦੇ ਝੂਠੇ ਵਾਅਦਿਆਂ ਵਿੱਚ ਨਹੀਂ ਫਸਣਗੇ ਅਤੇ ਪੰਜਾਬ ਦੀ ਵਾਗਡੋਰ ਪੜੇ ਲਿਖੇ, ਦੂਰ ਅੰਦੇਸ਼ ਪੰਜਾਬ ਪੱਖੀ ਆਗੂ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਹੱਥ ਫੜਾਉਣਗੇ ਇਸ ਸਮੇਂ ਸਿੰਗੜੀਵਾਲਾ ਨੇ ਦੱਸਿਆ ਕਿ 10 ਨਵੰਬਰ ਨੂੰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਵਰਨ ਮੈਰਿਜ ਪੈਲਸ ਕੋਟ ਫਤੂਹੀ ਆਉਣਗੇ ਅਤੇ ਮੌਜੂਦਾ ਹਾਲਾਤਾਂ ਤੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ !

ਅੱਜ ਦੀ ਪ੍ਰਭਾਤ ਫੇਰੀ ਸ਼ਬਦ ਬਾਣੀ ਗਾਇਨ ਕਰਦੀ ਹੋਈ ਕਾਲੜਾ ਪਰਿਵਾਰ ਦੇ ਗ੍ਰਹਿ ਪੁੱਜੀ

ਸਾਂਝੀ ਖ਼ਬਰ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 5 ਨਵੰਬਰ



ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 557 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਦੀ ਪ੍ਰਭਾਤ ਫੇਰੀ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦਰਬਾਰ ਤੋਂ ਚਲ ਕੇ ਸ਼੍ਰੀ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਹੇਠ ਕਾਲੜਾ ਪਰਿਵਾਰ ਦੇ ਸੱਦੇ ਤੇ ਉਨਾਂ ਦੇ ਨਿਵਾਸ ਤੇ ਪੁੱਜੀ। ਪ੍ਰਭਾਤ ਫੇਰੀ ਦੀ ਅਰੰਭਤਾ ਗੁਰਦੁਆਰਾ ਸਾਹਿਬ ਦੇ ਮੀਤ ਗ੍ਰੰਥੀ ਗਿਆਨੀ ਸਾਹਿਬ ਸਿੰਘ ਨਲਵੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਮੁੱਖ ਵਾਕ ਲੈਣ ਤੋਂ ਬਾਅਦ ਸਰਬਤ ਦੇ ਭਲੇ ਲਈ ਅਰਦਾਸ ਕਰ ਕੇ ਕੀਤੀ। ਸੰਗਤਾਂ ਸ਼ਬਦ ਬਾਣੀ ਦੇ ਗਾਇਨ ਕਰਦੀਆਂ ਹੋਈਆ ਵੱਖ ਵੱਖ ਗਲੀ ਮੁਹੱਲਿਆਂ ਤੋਂ ਹੁੰਦੀਆਂ ਹੋਈ ਰਸਤੇ ਵਿਚ ਸ਼ਰਧਾਲੂ ਪਰਿਵਾਰਾਂ ਦੇ ਘਰਾਂ ਵਿਚ ਅਰਦਾਸ ਕਰਦਿਆਂ ਆਯੋਜਕ ਪਰਿਵਾਰ ਦੇ ਗ੍ਰਹਿ ਪੁੱਜੀਆਂ। ਜਿਥੇ ਆਯੋਜਕ ਪਰਿਵਰ ਵਲੋਂ ਆਈਆਂ ਸੰਗਤਾਂ ਦਾ ਫੁੱਲਾਂ ਦੀ ਵਰਖਾ ਕਰ ਸੰਗਤਾਂ ਨੂੰ ਜੀ ਆਇਆ ਕਿਹਾ। ਨੌਜੁਆਨ ਸੇਵਕ ਸਭਾ ਦੇ ਸ਼ਬਦੀ ਜਥੇ ਤੇ ਇਸਤਰੀ ਸਤਿਸੰਗਿ ਸਭਾ ਦੀਆਂ ਬੀਬੀਆਂ ਨੇ ਸ਼ਬਦ ਬਾਣੀ ਤੇ ਵਾਹਿਗੁਰੂ ਵਾਹਿਗੁਰੂ ਜੀ ਦੇ ਸਿਮਰਨ ਨਾਲ ਵਾਤਾਵਰਣ ਕੀਰਤਨਮਈ ਬਣਾ ਦਿੱਤਾ। ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਤੇ ਪੰਥ ਵਿਦਵਾਨ ਗਿਆਨੀ ਸਾਹਿਬ ਸਿੰਘ ਜੀ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆਂ ਤੇ ਉਨਾਂ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਦਾ ਉਪਦੇਸ਼ ਦਿੱਤਾ। ਉਨਾਂ ਸੰਗਤਾਂ ਨੂੰ ਗੁਰੂ ਜੀ ਵਲੋਂ ਦਰਸਾਏ ਮਾਰਗ ਤੇ ਚਲਣ ਦੀ ਅਪੀਲ ਕੀਤੀ। ਮੰਚ ਦਾ ਸੰਚਾਲਨ ਗੁਰਦੁਆਰਾ ਸਾਹਿਬ ਦੇ ਸਕੱਤਰ ਨਰਿੰਦਰ ਸਿੰਘ ਭਿੰਡਰ ਨੇ ਗੁਰਬਾਣੀ ਦੀਆਂ ਤੁਕਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਦੇ ਮਾਰਗ ਤੇ ਚਲਣਾ ਚਾਹੀਦਾ ਹੈ। ਉਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅੱਜ ਦੀ ਮੁਕਾਬਲਿਆਂ ਭਰੀ ਦੌੜ ਵਿਚ ਉਹ ਆਪਣੇ ਬਚਿੱਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜ ਕੇ ਰਖੱਣ ਤੇ ਘਰ ਵਿਚ ਪੰਜਾਬੀ ਬੋਲਣ ਪੜਨ ਤੇ ਲਿਖਣ ਨੂੰ ਤਰਜੀਹ ਦੇਣ ਤੇ ਉਨਾਂ ਨੂੰ ਮਾਂ ਬੋਲੀ ਨਾਲ ਜੋੜੀ ਰਖੱਣ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਯੋਜਕ ਪਰਿਵਾਰ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪਰਿਵਾਰ ਵਲੋਂ ਆਈਆਂ ਸੰਗਤਾਂ ਲਈ ਚਾਹ ਬਰੈਡ ਦੇ ਲੰਗਰ ਲਗਾਏ ਗਏ ਸਨ। ਉਨਾਂ ਦਿੱਸਿਆ ਕਿ ਕੱਲ ਦੀ ਪ੍ਰਭਾਤ ਫੇਰੀ ਸਵੇਰੇ ਗੁਰਦੁਆਰਾ ਸਾਹਿਬ ਤੋਂ ਚਲ ਕੇ ਪਤਾਸਾ ਬਜਾਰ ਤੋਂ ਬਾਬਾ ਦੀਪ ਸਿੰਘ ਚੌਂਕ ਤੋਂ ਸ਼੍ਰੀ ਹਰੀਸ਼ ਕਵਾਤਰਾ ਦੇ ਨਿਵਾਸ ਤੋਂ ਪਰਵਿੰਦਰ ਸਿੰਘ ਹਾਂਡਾ ਦੇ ਘਰ ਤੋਂ ਹੁੰਦੀ ਹੋਈ ਆਯੋਜਕ ਪਰਿਵਾਰ ਅਮਰਜੀਤ ਸਿੰਘ ਜੀ ਦੇ ਜੀਟੀ ਰੋਡ ਦੇ ਗ੍ਰਹਿ ਪੁੱਜੇਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਚੈਨ ਸਿੰਘ, ਨਰਿੰਦ-ਰਪਾਲ ਸਿੰਘ ਸਲੈਚ, ਭਗਵੰਤ ਸਿੰਘ ਖਾਲਸਾ, ਕਸ਼ਮੀਰ ਸਿੰਘ, ਜਗਜੀਤ ਸਿੰਘ ਮੱਕੜ, ਸਰਬਜੋਤ ਸਿੰਘ ਦੁੱਗਲ, ਸ਼ਰਨਜੀਤ ਕੌਰ, ਬੀਬੀ ਭੁਪਿੰਦਰ ਕੌਰ, ਪਰਮਜੀਤ ਕੌਰ, ਰਾਜਿੰਦਰ ਸਿੰਘ ਅਟਾਰੀ ਸੁਰਿੰਦਰ ਕੌਰ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾ ਮੌਜੂਦ ਸਨ।

ਆਰੀਆ ਕਾਲਜ ਪਾਨੀਪਤ ਨੇ ਓਵਰਆਲ ਟਰਾਫੀ ਜਿੱਤੀ,ਕੇ ਯੂ ਕੈਂਪਸ ਨੂੰ ਰਨਰ ਅੱਪ ਟਰਾਫੀ ਮਿਲੀ

ਸਾਂਝੀ ਖ਼ਬਰ

ਰਤਨਾਵਲੀ ਸਮਾਰੋਹ ਵਿਚ ਵਿਦਿਆਰਥੀਆਂ ਨੇ ਵੱਖ ਵੱਖ ਵਿਸ਼ਿਆਂ ਵਿਚ ਬਹੁਤ ਸਾਰੇ ਪੁਰਸਕਾਰ ਜਿੱਤੇ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 5 ਨਵੰਬਰ



ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਚਾਰ ਰੋਜਾ ਰਤਨਾਵਲੀ ਉਤਸਵ 2026 ਸੂਬੇ ਦੀ ਅਮੀਰ ਲੋਕ ਸਭਿਆਚਾਰ , ਕਲਾਵਾਂ ਤੇ ਪਰੰਪਰਾਵਾਂ ਦਾ ਇਕ ਸੰਗਮ ਪੇਸ਼ ਕਰਦਾ ਹੈ। ਚਾਰ ਰੋਜਾ ਇਸ ਸੂਬਾ ਪੱਧਰੀ ਸਭਿਆਚਾਰਕ ਉਤਸਵ ਵਿਚ ਸੂਬਾ ਭਰ ਦੀਆਂ ਯੂਨੀਵਰ-ਸਿਟੀਆਂ ਤੇ ਕਾਲਜਾਂ ਦੇ ਵਿਦਿਆ-ਰਥੀਆਂ ਨੇ ਵੱਖ ਵੱਖ ਮੁਕਾਬਲਿਆਂ ਵਿਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰ-ਥੀਆਂ ਨੇ ਨਾਚ ,ਲੋਕ ਗੀਤ ਰਾਗਿਨੀ, ਪੇਟਿੰਗ,ਦਸਤਕਾਰੀ ਸਾਹਿਤ ਤੇ ਹੋਰ ਸਭਿਆਚਾਰਕ ਵਿਸ਼ਿਆ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਕਈ ਪੁਰਸਕਾਰ ਜਿੱਤੇ। ਯੂਨੀਵਰਯਿਟੀ ਦੇ ਵਾਈਸ ਚਾਂਸਲਰ ਪ੍ਰੋ ਸੋਮ ਨਾਥ ਸਚਦੇਵਾ ਦੀ ਅਗਵਾਈ ਹੇਠ ਆਯੋਜਿਤ ਯੂਨੀਵਰਸਿਟੀ ਦੀ ਟੀਮ ਨੇ ਹਰਿਆਣਵੀ ਸਭਿਆਚਾਰ ਦੇ ਵੱਖ ਵੱਖ ਰੂਪਾਂ ਵਿਚ ਆਪਣੀ ਪ੍ਰਤਿਭਾ ਤੇ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਕੁਰੂਕਸ਼ੇਤਰ ਯੂਨੀਵਰ-ਸਿਟੀ ਦੀ ਨਾ ਸਿਰਫ ਸਿੱਖਿਆ ਤੇ ਖੋਜ ਵਿਚ ਸਗੋਂ ਹਰਿਆਣਾ ਦੀ ਲੋਕ ਸਭਿਆਚਾਰਕ ਵਿਰਾਸਤ ਨੂੰ ਸੁਰਖਿੱਅਤ ਰਖੱਣ ਤੇ ਉਤਸ਼ਾਹਿਤ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦੀਆਂ ਹਨ। ਆਰੀਆ ਕਾਲਜ ਪਾਨੀਪਤ ਦੇ ਵਿਦਿਆਰਥੀਆਂ ਨੇ ਵੱਖ ਵੱਖ ਮੁਕਾਬਲਿਆਂ ਵਿਚ ਮੋਹਰੀ ਰਹਿ ਕੇ ਰਤਨਾਵਲੀ ਸਮਾਰੋਹ 2026ਦੀ ਓਵਰਆਲ ਟਰਾਫੀ ਜਿੱਤੀ। ਕੇ ਯੂ ਕੈਂਪਸ ਦੀ ਟੀਮ ਨੇ ਰਨਰ ਅੱਪ ਟਰਾਫੀ ਜਿੱਤੀ। ਰਤਨਾਵਲੀ ਮਹੋਤਸਵ ਉਤਸਵ ਵਿਚ ਆਯੋਜਿਤ ਡਾਂਸ ਮੁਕਾਬਲੇ ਵਿਚ ਆਰੀਆ ਕਾਲਜ ਪਾਨੀਪਤ ਦੇ ਕਲਾਕਾਰਾਂ ਨੇ ਓਵਰਆਲ ਟਰਾਫੀ ਜਿੱਤ ਕੇ ਅਪਣੀ ਕਾਬਲੀਅਤ ਸਾਬਤ ਕੀਤੀ। ਓਵਰਆਲ ਫਾਈਨ ਆਰਟਸ ਟਰਾਫੀ ਆਰ ਕੇ ਐਸ ਡੀ ਕਾਲਜ ਕੈਥਲ ਦੀ ਟੀਮ ਨੇ ਜਿੱਤੀ, ਸਾਹਿਤਕ ਟਰਾਫੀ ਦਿਆਲ ਸਿੰਘ ਕਾਲਜ ਕੈਥਲ ਤੇ ਆਰ ਕੇ ਐਸ ਡੀ ਕਾਲਜ ਕੈਥਲ ਨੇ ਪ੍ਰਾਪਤ ਕੀਤੀ। ਓਵਰਆਲ ਥੀਏਟਰ ਇਵੈਂਟਸ ਟਰਾਫੀ ਆਰੀਆ ਕਾਲਜ ਪਾਨੀਪਤ ਨੇ ਜਿੱਤੀ।ਇਸ ਤੋਂ ਇਲਾਵਾ ਹਰਿਆਣਵੀ ਸਮੂਹ ਨਾਚ ਮੁਕਾਬਲੇ ਵਿਚ ਗੁਰੂ ਨਾਨਕ ਖਾਲਸਾ ਕਾਲਜ ਯਮੁਨਾਨਗਰ ਨੇ ਪਹਿਲਾ, ਕੁਰੂਕਸ਼ੇਤਰ ਯੂਨੀਵਰ-ਸਿਟੀ ਨੇ ਦੂਜਾ ਤੇ ਸ਼੍ਰੀ ਵਿਸ਼ਵਕਰਮਾ ਸਕਿੱਲ ਯੂਨੀਵਰਸਿਟੀ ਪਲਵਲ ਨੇ ਤੀਜਾ,ਸਥਾਨ ਪ੍ਰਾਪਤ ਕੀਤਾ। ਹਰਿਆਣਵੀ ਗੀਤ ਮੁਕਾਬਲੇ ਵਿਚ ਐਸ ਡੀ ਮਹਿਲਾ ਮਹਾਂ ਵਿਦਿਆਲਯ ਨਰਵਾਣਾ, ਆਰੀਆ ਪੀ ਜੀ ਕਾਲਜ ਪਾਨੀਪਤ ਨੇ ਸਾਂਝੇ ਤੋਰ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਐਸ ਡੀ ਪੀ ਜੀ ਕਾਲਜ ਪਾਨੀਪਤ ਤੇ ਜੀ ਜੀ ਜੇ ਸਰਕਾਰੀ ਕਾਲਜ ਹਿਸਾਰ ਨੇ ਸਾਂਝੇ ਤੌਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਪੇਟਿੰਗ ਪ੍ਰਦਰਸ਼ਨੀ ਵਿਚ ਕੁਰੂਕਸ਼ੇ-ਤਰ ਯੂਨੀਵਰਸਿਟੀ ਦੀ ਅੰਜਲੀ ਨੇ ਪਹਿਲਾ, ਆਈ ਜੀ ਮਹਿਲਾ ਮਹਾਂਵਿਦਿਆਲਯ ਕੈਥਲ ਦੀ ਸ਼ਵੇਤਾ ਨੇ ਦੂਜਾ ਤੇ ਐਨਆਈ ਆਈ ਐਲ ਐਮ ਯੂਨੀਵਰਯਿਟੀ ਕੈਥਲ ਦੀ ਆਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮੌਕੇ ਤੇ ਹੋਏ ਪੇਟਿੰਗ ਮੁਕਾਬਲੇ ਵਿਚ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਯੋਗੇਸ਼ ਨੇ ਪਹਿਲਾ, ਕੁਨਾਲ ਕੁਮਾਰ ਨੇ ਦੂਜਾ, ਪੀਸੀ ਐਲਐਸ ਸਰਕਾਰੀ ਕਾਲਜ ਕਰਨਾਲ ਦੇ ਕੁਨਾਲ ਤੇ ਸੋਹਨ ਲਾਲ ਡੀ ਏ ਵੀ ਕਾਲਜ ਆਫ ਐਜੁਕੇਸ਼ਨ ਅੰਬਾਲਾ ਸਿਟੀ ਤੋਂ ਨਿਖਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰਾਂ ਸੂਬੇ ਭਰ ਦੇ ਵੱਖ ਵੱਖ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੇ ਚਾਰ ਦਿਨਾਂ ਤਕ ਚਲੇ ਵੱਖ ਵੱਖ ਮੁਕਾਬਲਿਆਂ ਵਿਚ ਪੁਰਸਕਾਰ ਪ੍ਰਾਪਤ ਕੀਤੇ। ਰਤਨਾਵਲੀ ਸਮਾਰੋਹ 2026 ਵਿਚ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਨੇ ਇਹ ਸੰਦੇਸ਼ ਦਿੱਤਾ ਕਿ ਲੋਕ ਸਭਿਆਚਾਰ ਨਾ ਸਿਰਫ ਭੂਤ ਕਾਲ ਦੀ ਵਿਰਾਸਤ ਹੈ ਸਗੋਂ ਮੌਜੂਦਾ ਪੀੜੀ ਦੀ ਪਛਾਣ ਤੇ ਭਵਿੱਖ ਦੀ ਸਭਿਆਚਾਰਕ ਵਿਰਾਸਤ ਵੀ ਹੈ। ਇਸ ਤਿਉਹਾਰ ਨੇ ਨੌਜੁਆਨ ਪੀੜੀ ਨੂੰ ਹਰਿਆਣਾ ਦੀਆ ਲੋਕ ਪਰੰਪਰਾਵਾਂ ਰੀਤੀ ਰਿਵਾਜਾਂ,ਪਹਿ-ਰਾਵੇ,ਲੋਕ ਸੰਗੀਤ, ਨਾਚ ਤੇ ਕਲਾਵਾ ਨਾਲ ਜੁੜਨ ਦਾ ਮੌਕਾ ਪ੍ਰਦਾਨ ਕੀਤਾ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਯੂਨੀਵਰਸਿਟੀ ਦੀ ਸਭਿਆਚਾਰਕ ਸਰਗਰਮੀ ਤੇ ਹਰਿਆਣਵੀ ਵਿਰਾਸਤ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਪਰਾਲੀ ਸਾੜਨ ਦਾ ਖਮਿਆਜਾ ਪ੍ਰਭਾਵ ਬਜੁਰਗਾਂ ,ਬਚਿੱਆਂ ਤੇ ਆਮ ਨਾਗਰਿਕਾਂ ਨੂੰ ਵੀ ਭੁਗਤਣਾ ਪੈਂਦਾ ਹੈ = ਸੁਨੀਲ ਮਾਨ

ਸਾਂਝੀ ਖ਼ਬਰ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 5 ਨਵੰਬਰ



ਫਸਲਾਂ ਦੀ ਰਹਿੰਦ ਖੂਹੰਦ ਨੂੰ ਸਾੜਨ ਦੀਆਂ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਤੇ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰਖੱਣ ਲਈ ਖੇਤੀ ਬਾੜੀ ਵਿਭਾਗ ਤੇ ਪੁਲਿਸ ਦੀ ਇਕ ਸਾਂਝੀ ਟੀਮ ਨੇ ਬਾਬੈਨ ਖੇਤਰ ਵਿਚ ਇਕ ਵਿਸ਼ੇਸ਼ ਚੌਕਸੀ ਤੇ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ ਨੋਡਲ ਅਧਿਕਾਰੀ ਸਨੀਲ ਮਾਨ ਤੇ ਬਾਬੈਨ ਥਾਣਾ ਇੰਚਾਰਜ ਬਲਬੀਰ ਦੱਤ ਦੀ ਅਗਵਾਈ ਹੇਠ ਇਸ ਮੁਹਿੰਮ ਵਿਚ ਅਧਿਕਾਰੀਆਂ ਨੇ ਵੱਖ ਵੱਖ ਪਿੰਡਾਂ ਵਿਚ ਕਿਸਾਨਾਂ ਦੇ ਖੇਤਾਂ ਦਾ ਦੌਰਾ ਕੀਤਾ ਤੇ ਉਨਾਂ ਨੂੰ ਫਸਲਾਂ ਦੀ ਰਹਿੰਦ ਖੂਹੰਦ ਸਾੜਨ ਦੇ ਨੁਕਸਾਨ-ਦੇਹ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਇਸ ਮੌਕੇ ਕਿਸਾਨਾਂ ਨਾਲ ਗੱਲਬਾਤ ਕਰਦਿਆ ਨੋਡਲ ਅਧਿਕਾਰੀ ਸੁਨੀਲ ਮਾਨ ਨੇ ਕਿਹਾ ਕਿ ਫਸਲਾਂ ਦੀ ਰਹਿੰਦ ਖੂਹੰਦ ਸਾੜਨ ਨਾਲ ਵਾਤਾਵਰਣ ਨੂੰ ਕਾਫੀ ਨੁਕਸਾਨ ਪਹੁੰਚਦਾ ਹੈ । ਪਰਾਲੀ ਸਾੜਨ ਨਾਲ ਜਮੀਨ ਵਿਚਾਲੇ ਦੋਸਤਾਨਾ ਕੀੜੇ ਮਕੌੜੇ ਤੇ ਸੂਖਮ ਜੀਵ ਨਸ਼ਟ ਹੋ ਜਾਂਦੇ ਹਨ ਤੇ ਜਿਸ ਨਾਲ ਜਮੀਨ ਦੀ ਉਪਜਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਤੇ ਜਮੀਨ ਵਿਚਾਲੇ ਜਰੂਰੀ ਪੌਸ਼ਟਿਕ ਤੱਤ ਵੀ ਨਸ਼ਟ ਹੋ ਜਾਂਦੇ ਹਨ। ਜਿਸ ਨਾਲ ਭਵਿੱਖ ਦੀਆਂ ਫਸਲਾਂ ਦੀ ਪੈਦਾਵਾਰ ਤੇ ਸਿੱਧਾ ਅਸਰ ਪੈਂਦਾ ਹੈ। ਉਨਾਂ ਕਿਹਾ ਕਿ ਪਰਾਲੀ ਸਾੜਨ ਨਾਲ ਨਿਕਲਣ ਵਾਲਾ ਧੂੰਆ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦਾ ਹੈ , ਜਿਸ ਨਾਲ ਸਾਹ ਦੀਆਂ ਬਿਮਾਰੀਆਂ,ਅੱਖਾਂ ਵਿਚ ਜਲਣ ਤੇ ਹੋਰ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਦੇ ਮਾੜੇ ਪ੍ਰਭਾਵ ਸਿਰਫ ਕਿਸਾਨਾਂ ਤਕ ਹੀ ਨਹੀਂ ਸਗੋਂ ਨੇੜਲੇ ਪਿੰਡਾਂ ਵਿਚ ਰਹਿਣ ਵਾਲੇ ਬੱਚੇ,ਬਜੁਰਗ ਤੇ ਨਾਗਰਿਕ ਵੀ ਪੀੜਤ ਹੁੰਦੇ ਹਨ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫਸਲਾਂ ਦੀ ਰਹਿੰਦ ਖੂੰਹਦ ਨੂੰ ਸਾੜਨ ਦੀ ਬਜਾਏ ਆਧੁਨਿਕ ਖੇਤੀ ਬਾੜੀ ਮਸ਼ੀਨਰੀ ਤੇ ਵਿਗਿਆਨਕ ਤਕਨੀਕਾਂ ਦੀ ਵਰਤੋਂ ਕਰਕੇ ਖੇਤਾਂ ਦੀ ਸਿਹਤ ਨੂੰ ਬਚਾਉਣ। ਇਸ ਨਾਲ ਮਿੱਟੀ ਵਿਚ ਜੈਵਿਕ ਪਦਾਰਥਾਂ ਦੀ ਮਾਤਰਾ ਵੀ ਵਧੇਗੀ ਤੇ ਜਮੀਨ ਦੀ ਉਪਜਾਊ ਸ਼ਕਤੀ ਵੀ ਬਣੀ ਰਹੇਗੀ ਤੇ ਭਵਿੱਖ ਵਿਚ ਫਸਲ ਉਤਪਾਦਨ ਵਧਾਉਣ ਵਿਚ ਮਦਦ ਮਿਲੇਗੀ। ਉਨਾਂ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੇ ਵਿਕਲਪਿਕ ਤਰੀਕੇ ਜਿਵੇਂ ਸੁਪਰ ਸੀਡਰ,ਹੈਪੀ ਸੀਡਰ ਤੇ ਬੇਲਰ ਆਪਨਾਉਣ ਦੀ ਅਪੀਲ ਕੀਤੀ। ਥਾਣਾ ਇੰਚਾਰਜ ਬਲਬੀਰ ਦੱਤ ਨੇ ਵੀ ਕਿਸਾਨਾਂ ਨੂੰ ਵਾਤਾਵਰਣ ਸੁਰੱਖਿਆ ਵਿਚ ਸਹਿਯੋਗ ਕਰਨ ਤੇ ਫਸਲਾਂ ਦੀ ਰਹਿੰਦ ਖੂਹੰਦ ਸਾੜਨ ਤੋਂ ਗੁਰੇਜ ਕਰਨ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਸਾਫ ਸੁਥਰਾ ਵਾਤਾਵਰਣ ਬਣਾਈ ਰਖੱਣਾ ਸਭ ਦੀ ਸਮੂਹਿਕ ਜਿੰਮੇਵਾਰੀ ਹੈ ਉਨਾਂ ਕਿਹਾ ਕਿ ਪਰਾਲੀ ਸਾੜਨ ਤੇ ਜੁਰਮਾਨਾ ਵੀ ਲਾਇਆ ਜਾਏਗਾ ਤੇ ਜਿਸ ਕਿਸਾਨ ਤੇ ਜੁਰਮਾਨ ਲੱਗੇਗਾ ਉਹ ਕਿਸਾਨ ਅਗਲੇ ਤਿੰਨ ਸਾਲ ਲਈ ਆਪਣੀ ਫਸਲ ਘੱਟੋ ਘੱਟ ਸਮਰਥਨ ਮੁੱਲ ਤੇ ਨਹੀਂ ਵੇਚ ਸਕੇਗਾ ਤੇ ਨਾ ਹੀ ਉਸ ਨੂੰ ਸਰਕਾਰੀ ਸਬਸਿਡੀ ਮਿਲੇਗੀ। ਇਸ ਮੌਕੇ ਜਿਲਾ ਮੈਜਿਸਟਰੇਟ ਅਮਿਤ ਕੰਬੋਜ,,ਬਲਾਕ ਤਕਨਾਲੋਜੀ ਮੈਨੇਜਰ ਅਵਿਨਸ਼ ਸਿੰਘ, ਏ ਟੀ ਐਮ ਜਤਿੰਦਰ ਸਿੰਘ ਪਿੰਡ ਦਾ ਸਕੱਤਰ ਸੋਨੂੰ ਕੁਮਾਰ, ਪਟਵਾਰੀ ਰਣਜੀਤ ਕੁਮਾਰ,ਸਰਪੰਚ ਰਣਵੀਰ ਸਿੰਘ ਨੰਬਰਦਾਰ ਮੋਹਕਮ ਸਿੰਘ ਆਦਿ ਮੌਜੂਦ ਸਨ।

ਪੁਨਰ ਸੁਰਜੀਤ ਅਕਾਲੀ ਦਲ ਨੂੰ ਵੱਡਾ ਝਟਕਾ, ਕਈ ਆਗੂਆਂ ਨੇ ਦਿੱਤੇ ਅਸਤੀਫੇ

ਸਾਂਝੀ ਖ਼ਬਰ

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਹੱਕ ਵਿੱਚ ਡਟਣ ਦਾ ਕੀਤਾ ਐਲਾਨ

ਸ੍ਰੀ ਅਨੰਦਪੁਰ ਸਾਹਿਬ
ਅਰਵਿੰਦਰ ਸਿੰਘ ਬਿੰਦੀ



ਸ੍ਰੀ ਅਨੰਦਪੁਰ ਸਾਹਿਬ, ਪੁਨਰ ਸੁਰਜੀਤ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਾ ਜਦੋਂ ਪਾਰਟੀ ਦੇ ਕਈ ਅਹੁਦੇਦਾਰਾਂ ਅਤੇ ਵਰਕਰਾਂ ਨੇ ਪਾਰਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਦਾ ਐਲਾਨ ਕਰਦਿਆਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਨਾਲ ਖੜ੍ਹਨ ਦਾ ਫੈਸਲਾ ਕੀਤਾ। ਇਸ ਸਬੰਧੀ ਇੰਦਰਜੀਤ ਸਿੰਘ ਬੇਦੀ ਜ਼ਿਲ੍ਹਾ ਡੈਲੀਗੇਟ, ਸੁਰਜੀਤ ਸਿੰਘ ਚਹੜ ਮਜਾਰਾ ਜ਼ਿਲ੍ਹਾ ਡੈਲੀਗੇਟ ਅਤੇ ਪਰਮਜੀਤ ਸਿੰਘ ਪੰਮਾ ਸਰਕਲ ਪ੍ਰਧਾਨ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਉਹ ਅੱਜ ਪੁਨਰ ਸੁਰਜੀਤ ਅਕਾਲੀ ਦਲ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਉਹ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਇਹ ਹੱਕ ਦਿੰਦੇ ਹਨ ਕਿ ਉਹ ਪੰਜਾਬ ਦੀ ਭਲਾਈ ਅਤੇ ਪੰਥਕ ਏਕਤਾ ਲਈ ਜੋ ਵੀ ਫੈਸਲਾ ਲੈਣਗੇ, ਉਹ ਉਸ ਫੈਸਲੇ ਵਿੱਚ ਉਨ੍ਹਾਂ ਦੇ ਨਾਲ ਡਟ ਕੇ ਖੜ੍ਹੇ ਰਹਿਣਗੇ। ਇਸ ਮੌਕੇ ਪ੍ਰੋਫੈਸਰ ਹਰਦੀਪ ਸਿੰਘ ਜ਼ਿਲ੍ਹਾ ਡੈਲੀਗੇਟ, ਜਸਵਿੰਦਰ ਸਿੰਘ ਸੋਨੂ ਜ਼ਿਲ੍ਹਾ ਡੈਲੀਗੇਟ, ਅਜੀਤ ਸਿੰਘ ਡੈਲੀਗੇਟ, ਹਰਭਜਨ ਸਿੰਘ ਸਿਆਣੀ ਡੈਲੀਗੇਟ ਸਮੇਤ ਹੋਰ ਕਈ ਵਰਕਰਾਂ ਨੇ ਵੀ ਪਾਰਟੀ ਨੂੰ ਅਲਵਿਦਾ ਕਹਿਣ ਦਾ ਐਲਾਨ ਕੀਤਾ।ਇੰਦਰਜੀਤ ਸਿੰਘ ਬੇਦੀ ਨੇ ਕਿਹਾ ਕਿ ਪਿਛਲੇ ਇੱਕ ਦਹਾਕੇ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਪੰਜਾਬ ਨਸ਼ਿਆਂ ਅਤੇ ਕਰਜ਼ੇ ਦੀ ਦਲਦਲ ਵਿੱਚ ਫਸਦਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦਕਿ ਬੇਰੁਜ਼ਗਾਰੀ, ਗੈਂਗਸਟਰ-ਵਾਦ, ਕਿਸਾਨੀ ਸੰਕਟ ਅਤੇ ਵਪਾਰਕ ਮੰਦਹਾਲੀ ਵਰਗੀਆਂ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਚੁੱਕੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹੁਣ ਇੱਕ ਮਜ਼ਬੂਤ ਖੇਤਰੀ ਪਾਰਟੀ ਤੋਂ ਹੀ ਵੱਡੀਆਂ ਉਮੀਦਾਂ ਹਨ ਅਤੇ ਇਸ ਮਕਸਦ ਦੀ ਪੂਰਤੀ ਲਈ ਪੰਥਕ ਏਕਤਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦਾ ਬਿਗਲ ਕਿਸੇ ਵੀ ਸਮੇਂ ਵੱਜ ਸਕਦਾ ਹੈ, ਪਰ ਪੰਥਕ ਧਿਰਾਂ ਵੱਖ-ਵੱਖ ਪਾਰਟੀਆਂ ਬਣਾ ਕੇ ਆਪਣੀ-ਆਪਣੀ ਸਿਆਸੀ ਸਰਗਰਮੀ ਚਲਾ ਰਹੀਆਂ ਹਨ। ਇਸ ਕਾਰਨ ਲੋਕਾਂ ਦਾ ਵਿਸ਼ਵਾਸ ਵੀ ਪ੍ਰਭਾਵਿਤ ਹੋ ਰਿਹਾ ਹੈ।

ਉਨ੍ਹਾਂ ਸਮੂਹ ਪੰਥਕ ਜਥੇਬੰਦੀਆਂ ਅਤੇ ਆਗੂਆਂ ਨੂੰ ਇਕ ਮੰਚ ਉੱਤੇ ਇਕੱਠੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਉਨ੍ਹਾਂ ਨੇ ਇਹ ਫੈਸਲਾ ਲਿਆ ਹੈ ਅਤੇ ਉਹ ਪ੍ਰੋਫੈਸਰ ਚੰਦੂਮਾਜਰਾ ਦੇ ਹਰ ਉਸ ਫੈਸਲੇ ਨਾਲ ਖੜ੍ਹੇ ਰਹਿਣਗੇ, ਜੋ ਪੰਜਾਬ ਦੀ ਭਲਾਈ ਅਤੇ ਪੰਥਕ ਏਕਤਾ ਦੇ ਹਿੱਤ ਵਿੱਚ ਹੋਵੇਗਾ।

ਲੋਕਤੰਤਰ ਦੀ ਤਾਕਤ ਸੰਵਿਧਾਨ ਅਤੇ ਆਮ ਨਾਗਰਿਕ ਦੀ ਵੋਟ ਵਿੱਚ ਹੈ: ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਸਾਂਝੀ ਖ਼ਬਰ

ਕਰਨਾਲ ਵਿੱਚ ਅਮਿਤ ਸ਼ਾਹ ਦੀ ਅਗਵਾਈ ਹੇਠ 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਪਦਯਾਤਰਾ; ਮਨੋਹਰ ਲਾਲ ਅਤੇ ਡਾ. ਅਰਚਨਾ ਗੁਪਤਾ ਨੇ ਵੀ ਕਾਂਗਰਸ 'ਤੇ ਸਾਧੇ ਨਿਸ਼ਾਨੇ

(ਸੁਖਵਿੰਦਰ ਸੋਹੀ)
ਕਰਨਾਲ, 5 ਨਵੰਬਰ



ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਕਰਨਾਲ ਵਿੱਚ 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਪਦਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਮੰਤਰੀ ਮਨੋਹਰ ਲਾਲ ਅਤੇ ਭਾਜਪਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਨੇ ਜਨ ਸਭਾ ਨੂੰ ਸੰਬੋਧਨ ਕਰਦਿਆਂ ਲੋਕਤੰਤਰ, ਸੰਵਿਧਾਨ ਅਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘਾਈ ਨਾਲ ਸੋਧ (ਐੱਸਆਈ-ਆਰ) ਦੇ ਮੁੱਦੇ 'ਤੇ ਆਪਣੇ ਵਿਚਾਰ ਰੱਖੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਦੇਸ਼ ਦਾ ਸੰਵਿਧਾਨ ਅਤੇ ਆਮ ਨਾਗਰਿਕ ਦੀ ਵੋਟ ਹੈ। ਚੋਣਾਂ ਦੌਰਾਨ ਹਰ ਨਾਗਰਿਕ ਦੀ ਇੱਕ ਵੋਟ ਦੀ ਬਰਾਬਰ ਅਹਿਮੀਅਤ ਹੁੰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਐੱਸਆਈਆਰ ਦੀ ਸੰਵਿਧਾਨਕ ਪ੍ਰਕਿਰਿਆ ਨੂੰ ਲੈ ਕੇ ਲੋਕਾਂ ਵਿੱਚ ਭਰਮ ਫੈਲਾ ਰਹੀ ਹੈ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਦੀ ਸੋਧ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਜ਼ਰੂਰੀ ਪ੍ਰਕਿਰਿਆ ਹੈ। ਕੇਂਦਰੀ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਕਾਂਗਰਸ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਕੁਝ ਆਗੂ ਦੇਸ਼ ਵਿੱਚ ਅਰਾਜਕਤਾ ਅਤੇ ਅਸਥਿਰਤਾ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੀ ਭਾਵਨਾ ਮਜ਼ਬੂਤ ਹੋਈ ਹੈ। ਉਨ੍ਹਾਂ ਲੋਕਾਂ ਨੂੰ ਲੋਕਤੰਤਰੀ ਸੰਸਥਾਵਾਂ ਅਤੇ ਸੰਵਿਧਾਨਕ ਵਿਵਸਥਾ 'ਤੇ ਭਰੋਸਾ ਬਣਾਈ ਰੱਖਣ ਦੀ ਅਪੀਲ ਕੀਤੀ।

ਭਾਜਪਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਨੇ ਅਮਿਤ ਸ਼ਾਹ ਨੂੰ ਅਜੋਕੇ ਭਾਰਤ ਦਾ ਚਾਣਕਿਆ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਧਾਰਾ 370 ਅਤੇ 35ਏ ਹਟਾ ਕੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨਕਸਲਵਾਦ ਅਤੇ ਨਸ਼ਿਆਂ ਵਿਰੁੱਧ ਚੱਲ ਰਹੀਆਂ ਮੁਹਿੰਮਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਦੀ ਅਗਵਾਈ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਹੈ।ਇਸ ਮੌਕੇ ਸਮ੍ਰਿਤੀ ਇਰਾਨੀ, ਡਾ. ਭੋਲਾ ਸਿੰਘ, ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ, ਕੈਬਨਿਟ ਮੰਤਰੀ ਕ੍ਰਿਸ਼ਨ ਲਾਲ ਪੰਵਾਰ, ਮਹੀਪਾਲ ਢਾਂਡਾ, ਰਣਬੀਰ ਗੰਗਵਾ, ਰਾਓ ਨਰਬੀਰ ਸਿੰਘ, ਕ੍ਰਿਸ਼ਨ ਬੇਦੀ, ਡਾ. ਅਰਵਿੰਦ ਸ਼ਰਮਾ, ਵਿਧਾਇਕ ਜਗਮੋਹਨ ਆਨੰਦ, ਯੋਗੇਂਦਰ ਰਾਣਾ, ਗੋਪਾਲ ਸ਼ਰਮਾ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਸਮੇਤ ਕਈ ਸੀਨੀਅਰ ਆਗੂ ਅਤੇ ਭਾਜਪਾ ਵਰਕਰ ਹਾਜ਼ਰ ਸਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਵਿਸ਼ੇਸ਼ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ 21 ਨਵੰਬਰ ਨੂੰ

ਸਾਂਝੀ ਖ਼ਬਰ

- ਧਾਰਾ 138 ਐਨ.ਆਈ. ਐਕਟ ਅਧੀਨ ਲੰਬਿਤ ਕੇਸਾਂ ਦੀ ਕੀਤੀ ਜਾਵੇਗੀ ਸੁਣਵਾਈ

ਲੁਧਿਆਣਾ, 05 ਨਵੰਬਰ
(ਜਸਵੀਰ ਸਿੰਘ ਮਣਕੂ)

ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਮੈਡਮ ਹਰਪ੍ਰੀਤ ਕੌਰ ਰੰਧਾਵਾ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਅਗਵਾਈ ਹੇਠ ਮਿਤੀ 21 ਨਵੰਬਰ, 2026 ਨੂੰ ਧਾਰਾ 138 ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ (ਚੈੱਕ ਬਾਊਂਸ) ਅਧੀਨ ਲੰਬਿਤ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਵਿਸ਼ੇਸ਼ ਲੋਕ ਅਦਾਲਤ ਦਾ ਮੁੱਖ ਉਦੇਸ਼ ਚੈੱਕ ਬਾਊਂਸ ਨਾਲ ਸਬੰਧਤ ਲੰਬਿਤ ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਜਲਦੀ ਅਤੇ ਸੁਖਾਵੇਂ ਢੰਗ ਨਾਲ ਨਿਪਟਾਰਾ ਕਰਨਾ, ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਗਿਣਤੀ ਘਟਾਉਣਾ ਅਤੇ ਆਮ ਲੋਕਾਂ ਨੂੰ ਸਸਤਾ, ਸੁਖਾਲਾ ਅਤੇ ਤੁਰੰਤ ਨਿਆਂ ਮੁਹੱਈਆ ਕਰਵਾਉਣਾ ਹੈ।

ਇਸ ਸਬੰਧੀ ਲੁਧਿਆਣਾ ਜ਼ਿਲ੍ਹੇ ਦੇ ਜ਼ਿਲ੍ਹਾ ਹੈੱਡਕੁਆਰਟਰ ਅਤੇ ਵੱਖ-ਵੱਖ ਉਪ-ਮੰਡਲਾਂ ਵਿਖੇ ਲੋਕ ਅਦਾਲਤ ਦੇ ਬੈਂਚ ਸਥਾਪਤ ਕੀਤੇ ਜਾਣਗੇ, ਜਿੱਥੇ ਧਾਰਾ 138 ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਅਧੀਨ ਲੰਬਿਤ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ।



ਸ੍ਰੀ ਹਿਮਾਂਸ਼ੂ ਅਰੋੜਾ, ਸਿਵਲ ਜੱਜ (ਸੀਨੀਅਰ ਡਿਵੀਜ਼ਨ)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ-ਕਮ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਲੋਕ ਅਦਾਲਤ ਦੌਰਾਨ ਸਬੰਧਤ ਕੇਸਾਂ ਦੀਆਂ ਧਿਰਾਂ ਨੂੰ ਆਪਸੀ ਗੱਲਬਾਤ ਅਤੇ ਸਹਿਮਤੀ ਰਾਹੀਂ ਆਪਣੇ ਵਿਵਾਦਾਂ ਦਾ ਨਿਪਟਾਰਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਹੋਣ ਨਾਲ ਨਾ ਸਿਰਫ਼ ਧਿਰਾਂ ਦੇ ਕੀਮਤੀ ਸਮੇਂ ਅਤੇ ਪੈਸੇ ਦੀ ਬਚਤ ਹੋਵੇਗੀ, ਸਗੋਂ ਉਨ੍ਹਾਂ ਨੂੰ ਲੰਬੀ ਅਤੇ ਖਰਚੀਲੀ ਕਾਨੂੰਨੀ ਪ੍ਰਕਿਰਿਆ ਤੋਂ ਵੀ ਰਾਹਤ ਮਿਲੇਗੀ। ਇਸ ਤੋਂ ਇਲਾਵਾ, ਲੋਕ ਅਦਾਲਤ ਰਾਹੀਂ ਆਪਸੀ ਸਹਿਮਤੀ ਨਾਲ ਹੋਏ ਨਿਪਟਾਰੇ ਨਾਲ ਸਮਾਜ ਵਿੱਚ ਆਪਸੀ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਵੀ ਉਤਸ਼ਾਹ ਮਿਲਦਾ ਹੈ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਧਾਰਾ 138 ਐਨ.ਆਈ. ਐਕਟ ਅਧੀਨ ਲੰਬਿਤ ਕੇਸਾਂ ਦੀਆਂ ਸਾਰੀਆਂ ਸਬੰਧਤ ਧਿਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਵਿਸ਼ੇਸ਼ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੇ ਕੇਸਾਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕਰਵਾਉਣ।

ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਮੁਫ਼ਤ ਕਾਨੂੰਨੀ ਸਹਾਇਤਾ ਹੈਲਪਲਾਈਨ ਨੰਬਰ 15100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹੋਂਦ ਚਿੱਲੜ ਦੇ ਸ਼ਹੀਦਾਂ ਦੀ ਯਾਦ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਸ਼ਹੀਦਾਂ ਦੀ ਯਾਦ ਵਿੱਚ ਬਣਾਈ ਜਾਵੇਗੀ ਵਿਸ਼ੇਸ਼ ਯਾਦਗਾਰ, ਹਰ ਸਾਲ ਹੋਵੇਗਾ ਸਮਾਗਮ : ਜਥੇਦਾਰ ਜਗਦੀਸ਼ ਸਿੰਘ ਝੀਂਡਾ



ਸੁਖਵਿੰਦਰ ਸੋਹੀ
ਹੋਂਦ ਚਿੱਲੜ

1984 ਦੇ ਸਿੱਖ ਕਤਲੇਆਮ ਦੌਰਾਨ ਹਰਿਆਣਾ ਦੇ ਹੋਂਦ ਚਿੱਲੜ ਵਿਖੇ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਗੁਰਬਾਣੀ ਕੀਰਤਨ ਅਤੇ ਅਰਦਾਸ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਐਲਾਨ ਕੀਤਾ ਕਿ ਹੋਂਦ ਚਿੱਲੜ ਦੇ ਸ਼ਹੀਦਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਇਸ ਸਥਾਨ ’ਤੇ ਵਿਸ਼ੇਸ਼ ਯਾਦਗਾਰ ਦਾ ਨਿਰਮਾਣ ਕਰਵਾਇਆ ਜਾਵੇਗਾ। ਇਸ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ ਅਤੇ ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਰਦਨਾਕ ਇਤਿਹਾਸ ਅਤੇ ਸ਼ਹੀਦਾਂ ਦੀ ਕੁਰਬਾਨੀ ਤੋਂ ਜਾਣੂ ਕਰਵਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਸਮਾਗਮ ਵਿੱਚ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਅੰਗਰੇਜ ਸਿੰਘ ਰਾਣੀਆਂ, ਅੰਤ੍ਰਿੰਗ ਕਮੇਟੀ ਮੈਂਬਰ ਸਰਦਾਰ ਕਰਨੈਲ ਸਿੰਘ, ਤੇਜਿੰਦਰ ਸਿੰਘ, ਕੁਲਦੀਪ ਸਿੰਘ ਪਿਹੋਵਾ, ਰੁਪਿੰਦਰ ਸਿੰਘ ਸਮੇਤ ਕਈ ਮੈਂਬਰ ਅਤੇ ਅਹੁਦੇਦਾਰ ਹਾਜ਼ਰ ਰਹੇ। ਇਸ ਤੋਂ ਇਲਾਵਾ ਵਧੀਕ ਸਕੱਤਰ ਰਾਜਪਾਲ ਸਿੰਘ, ਸਤਪਾਲ ਸਿੰਘ, ਸਕੱਤਰ ਅਮਰਿੰਦਰ ਸਿੰਘ ਅਤੇ ਮੀਤ ਸਕੱਤਰ ਰੁਪਿੰਦਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਸਾਕੇ ਨਾਲ ਸਬੰਧਤ ਪਰਿਵਾਰ ਦੀ ਬੀਬੀ ਸੁਰਜੀਤ ਕੌਰ ਆਪਣੇ ਪਰਿਵਾਰ ਸਮੇਤ ਪਹੁੰਚੀ। ਉਹ ਉਸ ਸਮੇਂ ਨਾਨਕੇ ਘਰ ਹੋਣ ਕਾਰਨ ਇਸ ਦੁਖਾਂਤ ਵਿੱਚ ਬਚ ਗਈ ਸੀ। ਜਥੇਦਾਰ ਝੀਂਡਾ ਨੇ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਪਰਿਵਾਰ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਗੁਰਦੁਆਰਾ ਧਮਤਾਨ ਸਾਹਿਬ ਵੱਲੋਂ ਸੰਗਤ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਸਮਾਗਮ ਵਿੱਚ ਕਮੇਟੀ ਦੇ ਮੁੱਖ ਦਫ਼ਤਰ ਦੇ ਸਟਾਫ਼, ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਅਤੇ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਸੇਵਾ ਅਤੇ ਸਿਮਰਨ ਨਾਲ ਮਨੁੱਖ ਦਾ ਜੀਵਨ ਹੁੰਦਾ ਹੈ ਸਫਲ : ਬਾਬਾ ਗੁਰਮੀਤ ਸਿੰਘ ਜੀ

ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਸੇਵਾ ਵਿੱਚ ਵੱਡਾ ਸਹਿਯੋਗ, ਸੇਵਾ ਕਰਨ ਵਾਲੇ ਮਨੁੱਖ ’ਤੇ ਗੁਰੂ ਸਾਹਿਬ ਦੀ ਰਹਿਮਤ ਬਣੀ ਰਹਿੰਦੀ ਹੈ



ਸੁਖਵਿੰਦਰ ਸੋਹੀ
ਕਰਨਾਲ ਪਿੰਡ ਡਾਚਰ,

ਗੁਰਦੁਆਰਾ ਰਾਜ ਕਰੇਗਾ ਖਾਲਸਾ, ਪਿੰਡ ਡਾਚਰ ਦੇ ਗ੍ਰੰਥੀ ਬਾਬਾ ਗੁਰਮੀਤ ਸਿੰਘ ਜੀ ਨੇ ਕਿਹਾ ਕਿ ਗੁਰੂ ਘਰ ਦੀ ਸੇਵਾ ਕਰਨਾ ਮਨੁੱਖ ਲਈ ਬਹੁਤ ਵੱਡਾ ਸੁਭਾਗ ਹੈ। ਜਿਹੜਾ ਮਨੁੱਖ ਆਪਣੀ ਸਮਰੱਥਾ ਅਨੁਸਾਰ ਗੁਰੂ ਘਰ ਦੀ ਸੇਵਾ ਕਰਦਾ ਹੈ, ਉਹ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਹੈ। ਸੇਵਾ, ਸਿਮਰਨ ਅਤੇ ਨਿਮਰਤਾ ਮਨੁੱਖੀ ਜੀਵਨ ਨੂੰ ਸਫਲ ਬਣਾਉਣ ਦੇ ਮਹੱਤਵਪੂਰਨ ਸਾਧਨ ਹਨ।

ਉਨ੍ਹਾਂ ਦੱਸਿਆ ਕਿ ਪਿੰਡ ਡਾਚਰ ਦੇ ਗੁਰਦੁਆਰਾ ਰਾਜ ਕਰੇਗਾ ਖਾਲਸਾ ਵਿਖੇ ਸੇਵਾ ਦੇ ਕਾਰਜਾਂ ਵਿੱਚ ਸੰਗਤਾਂ ਵੱਲੋਂ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸੰਗਤਾਂ ਨੇ ਆਪਣੀ ਸ਼ਰਧਾ ਅਤੇ ਸਮਰੱਥਾ ਅਨੁਸਾਰ ਸੇਵਾ ਵਿੱਚ ਯੋਗਦਾਨ ਪਾਇਆ। ਬਾਬਾ ਗੁਰਮੀਤ ਸਿੰਘ ਜੀ ਨੇ ਸੰਗਤਾਂ ਵੱਲੋਂ ਗੁਰੂ ਘਰ ਦੀ ਸੇਵਾ ਲਈ ਦਿਖਾਈ ਜਾ ਰਹੀ ਸ਼ਰਧਾ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ।

ਬਾਬਾ ਜੀ ਨੇ ਕਿਹਾ ਕਿ ਸਿੱਖ ਧਰਮ ਵਿੱਚ ਸੇਵਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਨੇ ਸਾਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਹੈ। ਗੁਰੂ ਘਰ ਦੀ ਸੇਵਾ ਸਿਰਫ਼ ਧਨ ਨਾਲ ਹੀ ਨਹੀਂ, ਸਗੋਂ ਤਨ, ਮਨ ਅਤੇ ਸਮੇਂ ਨਾਲ ਵੀ ਕੀਤੀ ਜਾ ਸਕਦੀ ਹੈ। ਸੰਗਤ ਵਿੱਚ ਬੈਠ ਕੇ ਗੁਰਬਾਣੀ ਸੁਣਨਾ, ਲੰਗਰ ਦੀ ਸੇਵਾ ਕਰਨਾ ਅਤੇ ਲੋੜਵੰਦਾਂ ਦੀ ਮਦਦ ਕਰਨਾ ਵੀ ਸੇਵਾ ਦੇ ਉੱਤਮ ਰੂਪ ਹਨ।

ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰਾਂ ਨਾਲ ਜੁੜ ਕੇ ਸੇਵਾ ਅਤੇ ਸਿਮਰਨ ਦੇ ਕਾਰਜਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਨਿਸ਼ਕਾਮ ਭਾਵਨਾ ਨਾਲ ਕੀਤੀ ਸੇਵਾ ਮਨੁੱਖ ਨੂੰ ਨਿਮਰਤਾ, ਆਪਸੀ ਪਿਆਰ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ।

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸਲਾਨਾ ਬਰਸੀ ਸਮਾਗਮ ਵਿੱਚ ਸ਼ਾਮਲ ਹੋ ਕੇ ਭੇਟ ਕੀਤੀ ਸ਼ਰਧਾਂਜਲੀ

ਸੰਤ ਮਹਾਂਪੁਰਖਾਂ, ਧਾਰਮਿਕ ਤੇ ਰਾਜਨੀਤਿਕ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਨੇ ਭਰੀ ਹਾਜ਼ਰੀ





ਸੁਖਵਿੰਦਰ ਸੋਹੀ
ਰੱਖੜਾ

ਰੱਖੜਾ ਪਰਿਵਾਰ ਵੱਲੋਂ ਸਲਾਨਾ ਬਰਸੀ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਇਸ ਮੌਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕਰਦਿਆਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਇਹ ਸਲਾਨਾ ਬਰਸੀ ਸਮਾਗਮ ਉਨ੍ਹਾਂ ਦੇ ਸਪੁੱਤਰਾਂ ਸਰਦਾਰ ਦਰਸ਼ਨ ਸਿੰਘ ਰੱਖੜਾ, ਸਰਦਾਰ ਸੁਰਜੀਤ ਸਿੰਘ ਰੱਖੜਾ ਅਤੇ ਸਰਦਾਰ ਚਰਨਜੀਤ ਸਿੰਘ ਰੱਖੜਾ ਵੱਲੋਂ ਕਰਵਾਇਆ ਗਿਆ। ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਧੁਰ ਕੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਕੀਰਤਨ ਦੌਰਾਨ ਸੰਗਤ ਨੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ ਅਤੇ ਗੁਰਬਾਣੀ ਦਾ ਆਨੰਦ ਮਾਣਿਆ।

ਇਸ ਮੌਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਗੁਰਸਿੱਖੀ ਜੀਵਨ ਵਿੱਚ ਗੁਰਬਾਣੀ, ਸੇਵਾ, ਸਿਮਰਨ ਅਤੇ ਮਨੁੱਖਤਾ ਦੀ ਭਲਾਈ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਅਜਿਹੇ ਧਾਰਮਿਕ ਸਮਾਗਮ ਸਾਨੂੰ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜਨ ਅਤੇ ਪਰਿਵਾਰਕ ਤੇ ਸਮਾਜਿਕ ਸਾਂਝ ਨੂੰ ਮਜ਼ਬੂਤ ਕਰਨ ਦੀ ਪ੍ਰੇਰਣਾ ਦਿੰਦੇ ਹਨ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਤ-ਮਹਾਂਪੁਰਖ, ਧਾਰਮਿਕ ਸ਼ਖ਼ਸੀਅਤਾਂ, ਰਾਜਨੀਤਿਕ ਆਗੂ, ਸਮਾਜ ਸੇਵੀ ਅਤੇ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪਹੁੰਚੀਆਂ ਸ਼ਖ਼ਸੀਅਤਾਂ ਨੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਰੱਖੜਾ ਪਰਿਵਾਰ ਵੱਲੋਂ ਕਰਵਾਏ ਗਏ ਇਸ ਧਾਰਮਿਕ ਸਮਾਗਮ ਦੀ ਸ਼ਲਾਘਾ ਕੀਤੀ। ਸਮੁੱਚਾ ਸਮਾਗਮ ਗੁਰਬਾਣੀ ਦੇ ਰਸ ਅਤੇ ਸ਼ਰਧਾ ਭਾਵਨਾ ਨਾਲ ਸੰਪੰਨ ਹੋਇਆ।

ਜ਼ੋਨਲ ਯੁਵਕ ਤੇ ਵਿਰਾਸਤੀ ਮੇਲੇ ਦੇ ਤੀਜੇ ਦਿਨ ਵਿਦਿਆਰਥੀਆਂ ਨੇ ਕਲਾ ਅਤੇ ਸੱਭਿਆਚਾਰ ਦੀਆਂ ਪੇਸ਼ਕਾਰੀਆਂ ਨਾਲ ਬੰਨ੍ਹਿਆ ਰੰਗ

ਨਾਟਕ, ਭੰਡ, ਹਿਸਟਰਾਨਿਕਸ, ਫੁਲਕਾਰੀ ਅਤੇ ਵਿਰਾਸਤੀ ਕੁਇਜ਼ ਮੁਕਾਬਲਿਆਂ ਵਿੱਚ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਹਾਸਲ ਕੀਤੇ ਸਥਾਨ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ/ਮਾਹਿਲਪੁਰ,

4 ਨਵੰਬਰ : ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਜ਼ੋਨ-5 ਨਾਲ ਸਬੰਧਤ 30 ਕਾਲਜਾਂ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨ ਲਈ ਕਰਵਾਏ ਜਾ ਰਹੇ ਚਾਰ ਰੋਜ਼ਾ ਜ਼ੋਨਲ ਯੁਵਕ ਤੇ ਵਿਰਾਸਤੀ ਮੇਲੇ ਦੇ ਤੀਜੇ ਦਿਨ ਵੱਖ-ਵੱਖ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਆਪਣੀ ਕਲਾਤਮਿਕ ਯੋਗਤਾ ਅਤੇ ਸੱਭਿਆਚਾਰਕ ਵਿਰਾਸਤ ਪ੍ਰਤੀ ਲਗਾਅ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ। ਮੇਲੇ ਦੌਰਾਨ ਨਾਟਕ, ਭੰਡ, ਹਿਸਟਰਾਨਿਕਸ, ਫੁਲਕਾਰੀ ਅਤੇ ਵਿਰਾਸਤੀ ਕੁਇਜ਼ ਵਰਗੀਆਂ ਵੰਨਗੀਆਂ ਨੇ ਦਰਸ਼ਕਾਂ ਨੂੰ ਖੂਬ ਪ੍ਰਭਾਵਿਤ ਕੀਤਾ।

ਸਮਾਗਮ ਦੇ ਵੱਖ-ਵੱਖ ਸੈਸ਼ਨਾਂ ਵਿੱਚ ਦਸ਼ਮੇਸ਼ ਗਰਲਜ਼ ਕਾਲਜ ਮੁਕੇਰੀਆਂ ਦੀ ਚੇਅਰਪਰਸਨ ਸੁਖਵਿੰਦਰ ਕੌਰ, ਪ੍ਰਿੰਸੀਪਲ ਮੀਤੂ ਮਹਾਜਨ, ਪ੍ਰਿੰਸੀਪਲ ਡਾ. ਭਾਨੂ ਗੁਪਤਾ, ਸੁਰਿੰਦਰਪਾਲ ਝੱਲ ਅਤੇ ਹਰਪ੍ਰੀਤ ਸਿੰਘ ਹਾਲੈਂਡ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਸਕੱਤਰ ਪ੍ਰੋ. ਅਪਿੰਦਰ ਸਿੰਘ ਮਾਹਿਲਪੁਰੀ, ਖਜ਼ਾਨਚੀ ਵੀਰਇੰਦਰ ਸ਼ਰਮਾ ਅਤੇ ਗੁਰਦਿਆਲ ਸਿੰਘ ਕਹਾਰਪੁਰ ਸਮੇਤ ਹੋਰ ਪਤਵੰਤੇ ਵੀ ਮੌਜੂਦ ਰਹੇ।

ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਸਮਾਗਮ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਅਤੇ ਵੱਖ-ਵੱਖ ਕਾਲਜਾਂ ਤੋਂ ਆਏ ਵਿਦਿਆਰ-ਥੀਆਂ ਦਾ ਸਵਾਗਤ ਕਰਦਿਆਂ ਮੇਲੇ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮਹਿਮਾਨਾਂ ਨੇ ਕਿਹਾ ਕਿ ਅਜਿਹੇ ਯੁਵਕ ਮੇਲੇ ਵਿਦਿਆਰਥੀਆਂ ਅੰਦਰ ਛੁਪੀਆਂ ਕਲਾਤਮਿਕ ਪ੍ਰਤਿਭਾਵਾਂ ਨੂੰ ਉਭਾਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੀ ਅਮੀਰ ਵਿਰਾਸਤ, ਸੱਭਿਆਚਾਰ ਅਤੇ ਪੰਜਾਬੀ ਲੋਕ ਕਲਾਵਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਇਸ ਪੱਧਰ ਦੇ ਜ਼ੋਨਲ ਅਤੇ ਇੰਟਰ ਜ਼ੋਨਲ ਯੁਵਕ ਮੇਲਿਆਂ ਦੇ ਸਫਲ ਆਯੋਜਨ ਲਈ ਕਾਲਜ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।

ਮੁਕਾਬਲਿਆਂ ਦੇ ਨਤੀਜਿਆਂ ਵਿੱਚ ਨਾਟਕ ਦੀ ਵੰਨਗੀ ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਪਹਿਲਾ, ਡੀਏਵੀ ਕਾਲਜ ਹੁਸ਼ਿਆ-ਰਪੁਰ ਨੇ ਦੂਜਾ ਅਤੇ ਦਸ਼ਮੇਸ਼ ਗਰਲਜ਼ ਕਾਲਜ ਚੱਕ ਅੱਲਾ ਬਖਸ਼ ਮੁਕੇਰੀਆਂ ਨੇ ਤੀਜਾ ਸਥਾਨ ਹਾਸਲ ਕੀਤਾ। ਭੰਡ ਮੁਕਾਬਲੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਨੇ ਪਹਿਲਾ, ਖਾਲਸਾ ਕਾਲਜ ਗੜ੍ਹਸ਼ੰਕਰ ਨੇ ਦੂਜਾ ਅਤੇ ਗਰਲਜ਼ ਕਾਲਜ ਚੱਕ ਅੱਲਾ ਬਖਸ਼ ਮੁਕੇਰੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਹਿਸਟਰਾਨਿਕਸ ਮੁਕਾਬਲੇ ਵਿੱਚ ਖਾਲਸਾ ਕਾਲਜ ਮਾਹਿਲਪੁਰ ਨੇ ਪਹਿਲਾ, ਖਾਲਸਾ ਕਾਲਜ ਗੜ੍ਹਸ਼ੰਕਰ ਨੇ ਦੂਜਾ ਅਤੇ ਐੱਸਪੀਐੱਨ ਕਾਲਜ ਮੁਕੇਰੀਆਂ ਨੇ ਤੀਜਾ ਸਥਾਨ ਹਾਸਲ ਕੀਤਾ। ਫੁਲਕਾਰੀ ਮੁਕਾਬਲੇ ਵਿੱਚ ਡੀਏਵੀ ਕਾਲਜ ਗੜ੍ਹਸ਼ੰਕਰ ਪਹਿਲੇ, ਜੀਟੀਬੀ ਕਾਲਜ ਦਸੂਹਾ ਦੂਜੇ ਅਤੇ ਖਾਲਸਾ ਕਾਲਜ ਮਾਹਿਲਪੁਰ ਤੀਜੇ ਸਥਾਨ ’ਤੇ ਰਿਹਾ। ਵਿਰਾਸਤੀ ਕੁਇਜ਼ ਮੁਕਾਬਲੇ ਵਿੱਚ ਖਾਲਸਾ ਕਾਲਜ ਮਾਹਿਲਪੁਰ ਨੇ ਪਹਿਲਾ, ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਦੂਜਾ ਅਤੇ ਜੀਟੀਬੀ ਕਾਲਜ ਦਸੂਹਾ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੀ ਯੋਗਤਾ ਦਾ ਸਬੂਤ ਦਿੱਤਾ।

ਸਮਾਗਮ ਦੇ ਅੰਤ ਵਿੱਚ ਕਾਲਜ ਦੀ ਪ੍ਰਬੰਧਕੀ ਕਮੇਟੀ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਅਤੇ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਕੁਲਵੰਤ ਸਿੰਘ, ਗੁਰਜਿੰਦਰ ਸਿੰਘ ਕੈਲਗਰੀ, ਬਾਲ ਕ੍ਰਿਸ਼ਨ ਅਗਨੀਹੋਤਰੀ, ਜਸਜੀਤ ਸਿੰਘ ਭਾਰਟਾ, ਇਕਬਾਲ ਸਿੰਘ ਖੇੜਾ, ਹਰਪ੍ਰੀਤ ਸਿੰਘ ਬੈਂਸ, ਸਾਹਿਤਕਾਰ ਬਲਜਿੰਦਰ ਮਾਨ, ਲੇਖਕ ਵਿਜੇ ਬੰਬੇਲੀ, ਯੁਵਕ ਮੇਲੇ ਦੇ ਪ੍ਰਬੰਧਕੀ ਸਕੱਤਰ ਡਾ. ਵਿਕਰਾਂਤ ਰਾਣਾ, ਪ੍ਰਿੰਸੀਪਲ ਸੁਰਜੀਤ ਸਿੰਘ, ਪ੍ਰੋ. ਸਰਵਣ ਸਿੰਘ, ਡਾ. ਜਸਵਿੰਦਰ ਸਿੰਘ ਅਤੇ ਡਾ. ਸਾਂਵਲ ਧਾਮੀ ਤੋਂ ਇਲਾਵਾ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਜੇ.ਬੀ. ਸੇਖੋਂ ਅਤੇ ਡਾ. ਦੇਵ ਕੁਮਾਰ ਨੇ ਬਾਖੂਬੀ ਨਿਭਾਈ।

ਤਿਉਹਾਰਾਂ ਦੇ ਮੱਦੇਨਜ਼ਰ ਐਸਐਸਪੀ ਦੀ ਅਗਵਾਈ ਹੇਠ ਜੰਡਿਆਲਾ ਗੁਰੂ ਵਿਖੇ ਕੱਢਿਆ ਫਲੈਗ ਮਾਰਚ



(ਅਸ਼ਵਨੀ ਸ਼ਰਮਾਂ)
ਜੰਡਿਆਲਾ ਗੁਰੂ

ਤਿਉਹਾਰਾਂ ਦੇ ਦਿਨਾਂ ਨੂੰ ਮੁੱਖ ਰੱਖਦਿਆਂ ਸ਼ਹਿਰ ਵਿੱਚ ਅਮਨ-ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਮਕਸਦ ਨਾਲ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐਸਐਸਪੀ ਕੰਵਲਪ੍ਰੀਤ ਸਿੰਘ ਚਾਹਲ ਦੀ ਅਗਵਾਈ ਹੇਠ ਜੰਡਿਆਲਾ ਗੁਰੂ ਵਿਖੇ ਪੁਲਿਸ ਫੋਰਸ ਵੱਲੋਂ ਫਲੈਗ ਮਾਰਚ ਕੱਢਿਆ ਗਿਆ।ਇਸ ਮੌਕੇ ਸਾਂਝੀ ਖ਼ਬਰ ਦੀ ਟੀਮ ਨਾਲ ਗੱਲਬਾਤ ਕਰਦਿਆਂ ਐਸਐਸਪੀ ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੇ ਮੱਦੇਨਜ਼ਰ ਇਹ ਫਲੈਗ ਮਾਰਚ ਕੱਢਿਆ ਗਿਆ ਹੈ, ਤਾਂ ਜੋ ਲੋਕ ਬਿਨਾਂ ਕਿਸੇ ਡਰ ਅਤੇ ਭੈਅ ਦੇ ਇਹ ਤਿਉਹਾਰ ਖੁਸ਼ੀ ਅਤੇ ਉਤਸ਼ਾਹ ਨਾਲ ਮਨਾ ਸਕਣ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਅਮਨ-ਸ਼ਾਂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ 24 ਘੰਟੇ ਲੋਕਾਂ ਦੀ ਸੇਵਾ ਵਿੱਚ ਤਾਇਨਾਤ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਅਮਨ-ਸ਼ਾਂਤੀ ਬਣਾਈ ਰੱਖਣ ਵਿੱਚ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਦੇਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ।

ਇਸ ਮੌਕੇ ਐਸਪੀ ਗਗਨਦੀਪ ਸਿੰਘ ਘੁੰਮਣ, ਡੀਐਸਪੀ ਬਲਜੀਤ ਸਿੰਘ ਹੁੰਦਲ, ਐਸਐਚਓ ਹਰਪਾਲ ਸਿੰਘ ,ਜੋਬਨ ਸਿੰਘ ਤੋਂ ਇਲਾਵਾ ਹੋਰ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

ਬੁੱਢੇ ਦਰਿਆ ਤੇ 12 ਕਰੋੜ 83 ਲੱਖ ਦੀ ਲਾਗਤ ਨਾਲ ਬਣਾਈ ਜਾਵੇਗੀ ਰਿਟੇਨਿੰਗ ਵਾਲ

- ਹਲਕਾ ਪੂਰਵੀ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕੀਤਾ ਉਦਘਾਟਨ



(ਜਸਵੀਰ ਸਿੰਘ ਮਣਕੂ)
ਲੁਧਿਆਣਾ:5 ਨਵੰਬਰ

ਵਿਧਾਨ ਸਭਾ ਹਲਕਾ ਪੂਰਵੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਵਿਕਾਸ ਕਾਰਜਾਂ ਦੀ ਲੜੀ ਨੂੰ ਹੋਰ ਅੱਗੇ ਵਧਾਉਂਦੇ ਹੋਏ ਅੱਜ 12 ਕਰੋੜ83 ਲੱਖ ਦੀ ਲਾਗਤ ਨਾਲ ਬੁੱਢੇ ਦਰਿਆ ਤੇ ਬਣਨ ਜਾ ਰਹੀ ਰਿਟੇਨਿੰਗ ਵਾਲ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕਿਹਾ ਕਿ ਦਰਿਆ ਦੇ ਕੰਢਿਆਂ ਨੂੰ ਮਜਬੂਤੀ ਅਤੇ ਮਿੱਟੀ ਦੇ ਕਟਾ ਨੂੰ ਰੋਕਣ ਲਈ ਅੱਜ ਰਿਟੇਨਿੰਗ ਵਾਲ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ, ਇਸ ਦੇ ਮੁਕੰਮਲ ਹੋਣ ਨਾਲ ਨਾਲ ਦੇ ਲੱਗਦੇ ਇਲਾਕਿਆਂ ਨੂੰ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਹੋਵੇਗਾ, ਉਹਨਾਂ ਕਿਹਾ ਕਿ ਬਰਸਾਤਾਂ ਦੇ ਦਿਨਾਂ ਚ ਕਈ ਵਾਰ ਦਰਿਆ ਚ ਪਾਣੀ ਦੀ ਮਾਤਰਾ ਬਹੁਤ ਜਿਆਦਾ ਵੱਧ ਜਾਂਦੀ ਹੈ ਜਿਸ ਨੂੰ ਰੋਕਣ ਲਈ ਇਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਇਲਾਕਾ ਵਾਸੀਆਂ ਨੂੰ ਵੱਡਾ ਲਾਹਾ ਮਿਲੇਗਾ। ਉਹਨਾਂ ਕਿਹਾ ਕਿ ਹਲਕਾ ਪੂਰਵੀ ਅੰਦਰ ਰਿਕਾਰਡ ਤੋੜ ਵਿਕਾਸ ਕਾਰਜ ਪਹਿਲਾਂ ਤੋਂ ਹੀ ਮੁਕੰਮਲ ਕਰਵਾਏ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੇ ਵਿਕਾਸ ਕੰਮਾਂ ਤੇ ਤੇਜ਼ੀ ਨਾਲ ਕੰਮ ਚੱਲ ਰਹੇ ਹਨ, ਉਹਨਾਂ ਹਲਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਆਪਣਾ ਆਸ਼ੀਰਵਾਦ ਇਸੇ ਤਰ੍ਹਾਂ ਬਣਾ ਕੇ ਰੱਖਿਓ ਮੈਂ ਤੁਹਾਨੂੰ ਵਾਅਦਾ ਕਰਦਾ ਹਾਂ ਕੀ ਹਲਕੇ ਅੰਦਰ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿਆਂਗਾ। ਇਸ ਮੌਕੇ ਤੇ ਆਪ ਆਗੂ ਕੁਲਵਿੰਦਰ ਸਿੰਘ ਗਰੇਵਾਲ, ਕੌਂਸਲਰ ਅਸ਼ਵਨੀ ਸ਼ਰਮਾ ਗੋਭੀ, ਜਤਿੰਦਰ ਸਿੰਘ ਸੋਢੀ, ਰਾਜਵੀਰ ਗਰੇਵਾਲ, ਲਵਲੀ ਮਨੋਚਾ, ਰਾਜ ਗਰੇਵਾਲ , ਸੰਜੂ ਸ਼ਰਮਾ, ਹਰਦੇਵ ਦੌਧਰ , ਜਸਪ੍ਰੀਤ ਮਿੱਠੂ, ਬਖਸ਼ੀਸ਼ ਹੀਰ , ਚੇਅਰਮੈਨ ਵਿਪਨ ਵੈਦ, ਵਿੱਕੀ, ਅਵਤਾਰ ਸਾਹਨੀ, ਦਰਸ਼ਨ ਸਿੰਘ , ਦਲਵਿੰਦਰ ਸਿੰਘ, ਮਹਿਲ ਸੰਧੂ ਬਾਜ਼ ਸਿੱਧੂ, ਸੁਖਵੰਤ ਸੁੱਖਾ , ਰਵੀ ਸ਼ਰਮਾ, ਬਿੱਟੂ , ਚਰਨਜੀਤ ਸਿੰਘ ਚੰਨੀ, ਸੰਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਚ ਪਾਰਟੀ ਵਰਕਰ ਹਾਜ਼ਰ ਸਨ।



ਰਾਮਪੁਰਾ ਹਲਕਾ : ਇੰਦਰਜੀਤ ਮਾਨ ਨੂੰ ਤਲਵਾਰ ਦੀ ਸਿਆਸੀ ਧਾਰ 'ਤੇ ਤੋਰਨ ਲੱਗੀ 'ਆਪ'

ਸਾਂਝੀ ਖ਼ਬਰ

ਅਸ਼ੋਕ ਵਰਮਾ

ਰਾਮਪੁਰਾ ਫੂਲ , 05 ਨਵੰਬਰ

ਕੇਂਦਰੀ ਮਾਲਵੇ 'ਚ ਪੈਂਦੇ ਹਲਕਾ ਰਾਮਪੁਰਾ ਫੂਲ ਦਾ ਚੁਣਾਵੀ ਮਿਜਾਜ ਇਸ ਦਫਾ ਆਮ ਆਦਮੀ ਪਾਰਟੀ ਦੇ ਆਗੂ ਤੇ ਮਾਰਕਫੈਡ ਦੇ ਚੇਅਰਮੈਨ ਇੰਦਰਜੀਤ ਮਾਨ ਵੱਲ ਅੰਗੜਾਈ ਲੈਂਦਾ ਦਿਖਾਈ ਦੇ ਰਿਹਾ ਹੈ। ਇੰਦਰਜੀਤ ਗੱਭਰੂ ਮੁੰਡਾ ਹੈ ਜਿਸ 'ਚ ਕੰਮ ਕਰਨ ਦੀ ਵੱਖਰੀ ਊਰਜਾ ਹੈ। ਹਾਲਾਂਕਿ ਹੋਰ ਵੀ ਕਈ ਨੇਤਾ ਸੱਤਾਧਾਰੀ ਧਿਰ ਕੋਲੋਂ ਟਿਕਟ ਦੀ ਝਾਕ 'ਚ ਹਨ ਪਰ ਸਰਵਖੇਣ ਇੰਦਰਜੀਤ ਦੇ ਹੱਕ 'ਚ ਖਲੋਂਦੇ ਨਜ਼ਰ ਆਉਂਦੇ ਹਨ। ਇਸ ਹਲਕੇ ਨੂੰ ਗੁੜ੍ਹਤੀ ਕਾਮਰੇਡਾਂ ਨੇ ਦਿੱਤੀ ਹੋਈ ਹੈ ਜਿਸ ਕਰਕੇ ਹਲਕਾ ਉਸ ਪਾਰਟੀ ਦੀ ਝੋਲੀ 'ਚ ਸਿਆਸੀ ਖੈਰ ਪਾਉਂਦਾ ਹੈ ਜੋ ਉਸ ਦੇ ਅੰਗ ਸੰਗ ਚੱਲਣ ਵਾਲੀ ਹੋਵੇ । 'ਮਾਨ' ਨੇ ਪਿਛਲੇ ਲੰਮੇਂ ਸਮੇ ਤੋਂ ਹਲਕੇ 'ਚ ਸਰਗਰਮੀਆਂ ਵਿੱਢੀਆਂ ਹੋਈਆਂ ਹਨ। ਖਾਸ ਤੌਰ 'ਤੇ ਹਲਕੇ ਦੇ ਪੇਂਡੂ ਪੰਜਾਬ 'ਚ ਉਹ ਆਪਣਾ ਏਜੰਡਾ ਰੱਖਦਾ ਹੈ ਤਾਂ ਲੋਕ ਉਸ ਨੂੰ ਦਾਦ ਦਿੰਦੇ ਦਿਸਦੇ ਹਨ।

ਇੰਦਰਜੀਤ ਮਾਨ 'ਚ ਖੂਬੀ ਹੈ ਕਿ ਉਹ ਲੋਕਾਂ ਦੇ ਅੱਧੇ ਬੋਲ 'ਤੇ ਹਾਜ਼ਰ ਹੁੰਦਾ ਹੈ। ਇਸ ਦੀ ਮਿਸਾਲ ਹੈ ਕਿ ਜਦੋਂ ਉਸ ਨੇ ਪਿਛੇ ਜਿਹੇ ਪੰਜਾਬ ਸਰਕਾਰ ਦੇ ਨੀਤੀ ਪ੍ਰੋਗਰਾਮਾਂ ਤੋਂ ਜਾਣੂੰ ਕਰਵਾਉਣ ਲਈ ਭਾਈ ਰੂਪਾ ਦੇ ਇੱਕ ਪੈਲੇਸ 'ਚ ਸਮਾਗਮ ਕਰਵਾਇਆ ਸੀ ਤਾਂ ਇਕੱਠ ਨੇ ਵਿਰੋਧੀਆਂ ਅਤੇ ਆਪਣਿਆਂ ਨੂੰ ਉਂਗਲਾਂ ਟੁੱਕਣ ਲਾ ਦਿੱਤਾ ਸੀ। ਮਹੱਤਵਪੂਰਨ ਤੱਥ ਇਹ ਹੈ ਕਿ ਖੁਫੀਆ ਵਿਭਾਗ ਪੰਜਾਬ ਵੀ ਇੰਦਰਜੀਤ ਮਾਨ ਦੀ ਪੈੜ ਨੱਪਣ ਲੱਗਾ ਹੈ ਜਿਸ ਦਾ ਮਤਲਬ ਸਪਸ਼ਟ ਹੈ ਕਿ 'ਮਾਨਾ' ਦੇ ਮੁੰਡੇ 'ਚ ਕੋਈ ਗੱਲ ਤਾਂ ਹੈ। ਖੁਫੀਆ ਵਿਭਾਗ ਦੇ ਇੱਕ ਮੁਲਾਜਮ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਪਹਿਲਾ ਅਜਿਹਾ ਬੰਦਾ ਦੇਖਿਆ ਹੈ ਜਿਸ ਦੇ ਇਕੱਠ 'ਚ ਸਰਕਾਰ ਦੇ ਪੌਣੇ ਪੰਜ ਸਾਲ ਬਾਅਦ ਵੀ ਲੋਕ ਆਪ ਮੁਹਾਰੇ ਪੁੱਜਦੇ ਹਨ। ਆਪਣੇ ਪ੍ਰੋਗਾਮਾਂ ਦੌਰਾਨ ਲੋਕਾਂ ਨੂੰ ਸੰਬੋਧਨ ਕਰਨ ਮੌਕੇ ਇੰਦਰਜੀਤ ਪੰਜਾਬ ਸਰਕਾਰ ਵੱਲੋਂ ਕਰਵਾਏ ਕੰਮਾਂ ਦੀ ਚਰਚਾ ਕਰਦਾ ਹੈ।

ਉਹ ਦੱਸਦਾ ਹੈ ਕਿ ਕਿਸ ਤਰਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਨਹਿਰੀ ਪਾਣੀ ਦੀ ਵਰਤੋਂ ਦਾ ਅੰਕੜਾ 21 ਪ੍ਰਤੀਸ਼ਤ ਤੋਂ 80 ਫੀਸਦੀ ਤੱਕ ਲਿਆਂਦਾ ਹੈ। ਜਦੋਂ ਉਹ ਆਖਦਾ ਹੈ ਕਿ ਭਗਵੰਤ ਮਾਨ ਸਰਕਾਰ ਔਰਤਾਂ ਦੇ ਖਾਤਿਆਂ 'ਚ ਟੂੰ ਟੂੰ ਕਰਵਾ ਰਹੀ ਹੈ ਤਾਂ ਖੁਸ਼ੀ 'ਚ ਖੀਵੀਆਂ ਹੋਈਆਂ ਬੀਬੀਆਂ ਸਿਰ ਪਲੋਸਕੇ ਉਸ ਨੂੰ ਆਸ਼ੀਰਵਾਦ ਦਿੰਦੀਆਂ



ਹਨ। ਸੂਤਰ ਦੱਸਦੇ ਹਨ ਕਿ ਹਲਕੇ 'ਚ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦਾ ਪਿੰਡ ਮਹਿਰਾਜ ਕਿਸੇ ਵੀ ਉਮੀਦਵਾਰ ਦੀ ਜਿੱਤ ਦਾ ਕਾਰਨ ਬਣਦਾ ਹੈ। ਮਹਿਰਾਜ ਦੇ ਵੱਡੀ ਗਿਣਤੀ ਲੋਕਾਂ ਨੇ ਇੰਦਰਜੀਤ ਦੇ ਹੱਕ 'ਚ ਹਾਮੀ ਭਰੀ ਹੈ। ਹਲਕੇ 'ਚ ਇਹ ਪ੍ਰਭਾਵ ਵੀ ਮਿਲਿਆ ਕਿ ਆਉਣ ਵਾਲੀਆਂ ਚੋਣਾਂ 'ਚ ਸਿਰ-ਧੜ ਦੀ ਬਾਜੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸਿਕੰਦਰ ਸਿੰਘ ਮਲੂਕਾ ਤੇ ਕਾਂਗਰਸ ਦੇ ਗੁਰਪ੍ਰੀਤ ਸਿੰਘ ਕਾਂਗੜ 'ਚ ਹੀ ਨਹੀਂ ਸਗੋਂ ਮਲੂਕਾ ਅਤੇ 'ਆਪ' ਦੇ ਸੰਭਾਵੀ ਉਮੀਦਵਾਰ ਇੰਦਰਜੀਤ ਮਾਨ ਵਿਚਕਾਰ ਲੱਗਣੀ ਤੈਅ ਹੈ।


ਇੱਥੇ ਇਹ ਵੀ ਜਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਕਿਸੇ ਸਮੇਂ ਇੰਦਰਜੀਤ ਮਾਨ ਸ਼੍ਰੋਮਣੀ ਅਕਾਲੀ ਦਲ 'ਚ ਹੋਇਆ ਕਰਦਾ ਸੀ। ਇਹੋ ਕਾਰਨ ਹੈ ਕਿ ਹਲਕੇ ਦੇ ਵੋਟਰ ਵਿਧਾਨ ਸਭਾ ਚੋਣਾਂ 2017 'ਚ ਹੋਣ ਵਾਲੇ ਜਬਤਦਸਤ ਸਿਆਸੀ ਮੁਕਾਬਲਿਆਂ 'ਤੇ ਹੁਣ ਤੋਂ ਹੀ ਨਜ਼ਰਾਂ ਟਿਕਾਈ ਬੈਠੇ ਹਨ। ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਿਕੰਦਰ ਸਿੰਘ ਮਲੂਕਾ ਨੇ ਦੋ ਵਾਰ ਗੁਰਪ੍ਰੀਤ ਸਿੰਘ ਕਾਂਗੜ ਨੂੰ ਹਰਾਇਆ ਹੈ ਜਦੋਂ ਕਿ ਕਾਂਗੜ ਤਿੰਨ ਦਫਾ ਮਲੂਕਾ ਨੂੰ ਹਰਾ ਚੁੱਕਿਆ ਹੈ। ਪਿਛਲੀ ਵਾਰ ਮਲੂਕਾ ਨੂੰ ਬਲਕਾਰ ਸਿੱਧੂ ਨੇ ਮਾਤ ਦਿੱਤੀ ਸੀ ਜਿਸ ਦਾ ਉਹ ਹਿਸਾਬ ਕਿਤਾਬ 2027 'ਚ ਕਰਨਾ ਚਾਹੁੰਦੇ ਹਨ। ਜੇਕਰ ਆਮ ਆਦਮੀ ਪਾਰਟੀ ਇੰਦਰਜੀਤ ਨੂੰ ਉਮੀਦਵਾਰ ਬਣਾਉਂਦੀ ਹੈ ਤਾਂ ਦੋ ਸਿਆਸੀ ਧੁਨੰਤਰਾਂ ਨਾਲ ਭਿੜਨਾ ਉਨ੍ਹਾਂ ਲਈ ਵੱਡੀ ਚੁਣੌਤੀ ਬਣੇਗਾ। ਮਲੂਕਾ ਆਪਣੀਆਂ ਲੋਕ ਮਿਲਣੀਆਂ ਦੌਰਾਨ ਆਪਣੇ ਵੱਲੋਂ ਕਰਵਾਏ ਵਿਕਾਸ ਦੇ ਤੱਥ ਰੱਖਦੇ ਹਨ ਜਦੋਂਕਿ ਕਾਂਗੜ ਆਪਣੀ ਵਿਕਾਸ ਬਾਰੇ ਜਾਣੂੰ ਕਰਵਾਉਂਦੇ ਹਨ।

ਰਾਮਪੁਰਾ ਫੂਲ:ਇੱਕ ਪੰਛੀ ਝਾਤ

ਰਾਮਪੁਰਾ ਹਲਕੇ 'ਚ 1957 ਤੋਂ 2017 ਤੱਕ ਵਿਧਾਨ ਸਭਾ ਚੋਣਾਂ ਵਿੱਚ ਪੰਜ ਦਫਾ ਕਾਂਗਰਸ , ਚਾਰ ਦਫਾ ਸੀਪੀਆਈ, ਚਾਰ ਵਾਰ ਅਕਾਲੀ ਦਲ ਅਤੇ ਇੱਕ ਵਾਰ ਆਜਾਦ ਉਮੀਦਵਾਰ ਜੇਤੂ ਰਿਹਾ ਸੀ। ਸਾਲ 2007 ਵਿਚ ਕਾਂਗੜ ਨੇ ਮਲੂਕਾ ਨੂੰ 2259 ਵੋਟਾਂ ਦੇ ਫਰਕ ਨਾਲ ਹਰਾਇਆ ਸੀ ਜਦੋਂਕਿ 2012 ਵਿਚ ਮਲੂਕਾ ਨੇ ਕਾਂਗੜ ਨੂੰ 5136 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ ਸੀ। ਸਾਲ 2017 'ਚ ਫਿਰ ਕਾਂਗੜ ਨੇ 10385 ਵੋਟਾਂ 'ਤੇ ਬਾਜੀ ਮਾਰੀ ਅਤੇ ਕੈਪਟਨ ਸਰਕਾਰ 'ਚ ਮੰਤਰੀ ਬਣਿਆ ਸੀ। ਸਾਲ 2022 'ਚ ਬਦਲਾਅ ਦੀ ਹਨੇਰੀ ਦੌਰਾਨ ਦੋਵੇਂ ਵੱਡੇ ਸਿਆਸੀ ਥੰਮ੍ਹ ਪੱਟੇ ਗਏ ਅਤੇ ਚੋਣ ਬਲਕਾਰ ਸਿੱਧੂ ਜਿੱਤ ਗਿਆ ਸੀ।

ਡੇਰਾ ਸਿਰਸਾ ਦਾ ਹੈਡਕੁਆਟਰ

ਡੇਰਾ ਸਿਰਸਾ ਦਾ ਪੰਜਾਬ ਵਿਚਲਾ ਹੈੱਡਕੁਆਰਟਰ ਵੀ ਇਸ ਹਲਕੇ ਵਿਚ ਪਿੰਡ ਸਲਾਬਤਪੁਰਾ ਵਿਚ ਪੈਂਦਾ ਹੈ ਜਿਸ ਦਾ ਵੋਟ ਬੈਂਕ ਵੀ ਜਿੱਤ ਹਾਰ ਦੌਰਾਨ ਅਹਿਮ ਭੂਮਿਕਾ ਅਦਾ ਕਰਦਾ ਹੈ। ਇਸ ਕਰਕੇ ਸਿਆਸੀ ਧਿਰਾਂ ਡੇਰੇ 'ਤੇ ਨਜ਼ਰਾਂ ਰੱਖਦੀਆਂ ਹਨ। ਸਾਲ 2007 'ਚ ਕਾਂਗੜ ਦੀ ਜਿੱਤ 'ਚ ਡੇਰਾ ਪ੍ਰੇਮੀਆਂ ਦਾ ਅਹਿਮ ਯੋਗਦਾਨ ਰਿਹਾ ਸੀ। ਪੰਜਾਬ ਸੀਆਈਡੀ ਦੇ ਵਹੀ ਖਾਤਿਆਂ ਅਨੁਸਾਰ ਹਲਕੇ 'ਚ ਪਿਛਲੇ ਪੰਜ ਸਾਲਾਂ ਦੌਰਾਨ ਡੇਰਾ ਪੈਰੋਕਾਰਾਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ। ਉਂਜ ਪਿਛੋਕੜ ਵਾਂਗ ਹੁਣ ਡੇਰਾ ਰਾਜਨੀਤੀ 'ਚ ਕੁੱਦਣ ਤੋਂ ਪਾਸਾ ਵੱਟਣ ਲੱਗਾ ਹੈ।





ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿੰਘ
ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੰਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ

SINCE 1978

AMRIK DHABA

PURE VEG

BREAKFAST, LUNCH, DINNER



ORDER ONLINE ON zomato SWIGGY

FULLY AC

HEAD OFFICE : MEHNA CHOWK BATHINDA.

PHONE : 0164-5007071, 9814129629.

ਅੰਮ੍ਰਿਤ ਪਵਾਰ
62804 94562



ਇੱਕੀ ਤੇ ਇੱਕਤੀ ਪਾਉਂਦੀ ਗਾਇਕ ਜੋੜੀ ਸਰਬਜੀਤ ਬੁੱਗਾ/ਮਨਪ੍ਰੀਤ



ਕਿਤੇ ਸਟੇਜ ਦੇਖਿਓ ਅੱਜ ਕਲ ਆਵਾਜ਼ ਦੇ ਰਾਜੇ ਸਰਬਜੀਤ ਬੁੱਗਾ ਦੀ ਤੇ ਕੋਇਲ ਜਿਹੀ ਕੂਕ ਆਵਾਜ਼ ਏ ਨੂਰ ਮਨਪ੍ਰੀਤ ਬੁੱਗਾ ਦੀ ਕਯਾ ਬਾਤ ਤਿੰਨ ਘੰਟੇ ਤੋਂ ਵੱਧ ਹਿੱਲਣ ਨਹੀਂ ਦਿੰਦੇ ਤੇ ਕੰਨ ਆਖਦੇ ਸਵਾਦ ਆਇਆ।ਦਿਲ ਆਖੇ ਮੋਰ ਦਿਮਾਗ ਕਹੇ ਇੱਕ ਗੀਤ ਹੋਰ ਤੇ ਸਰਬਜੀਤ ਬੁੱਗਾ ਮਨਪ੍ਰੀਤ ਬੁੱਗਾ ਦਾ ਹਰ ਦੇਗਾਣਾ ਮਨੋਰੰਜਨ ਦਾ ਨਜ਼ਾਰਾ ।ਨਾਲ ਗੱਲਾਂ ਬੁੱਗੇ ਦੀਆਂ ਸਰੂਰ ਲਿਆ ਦਿੰਦਾ ਹੈ।ਇਸ ਵੇਲੇ ਇਹ ਗਾਇਕ ਜੋੜੀ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਦੀ ਤਰਾਂ ਹੀ ਲੋਕ ਪ੍ਰਿਯ ਹੋ ਚੁੱਕੀ ਹੈ ।ਅਗਲੇ ਸਾਲ ਤੱਕ ਇਹ ਜੋੜੀ ਚੋਟੀ ਤੇ ਹੋਏਗੀ।ਸਰਬਜੀਤ ਬੁੱਗਾ ਨੇ ਬਲਦੇਵ ਅਨਜਾਣ ਦੀਆਂ ਝਿੜਕਾਂ ਖਾ ਸੋਹਣੇ ਸ਼ਗਿਰਦ ਹੋਣ ਦਾ ਸਬੂਤ ਉਸਤਾਦ ਨੂੰ ਦਿੱਤਾ ਹੈ।ਜਲਦੀ ਹੀ ਦੋਵੇਂ ਨਕੋਰ ਨਵੇਂ ਗੀਤਾਂ ਨਾਲ ਆ ਰਹੇ ਹਨ।ਦੀਵਾਲੀ ਅੰਮ੍ਰਿਤਸਰ ਦੇਖਣ ਆਏ ਸਰੋਤੇ ਤੇ ਦਰਸ਼ਕ ਸੁਣ ਲੈਣ ਸਰਬਜੀਤ ਬੁੱਗਾ ਨੇ ਕਿਹਾ ਹੈ ਕਿ ਦਰਬਾਰ ਸਾਹਿਬ ਮੱਥਾ ਟੇਕ ਬਾਬੇ ਸ਼ਹੀਦੀ ਜਾ ਕਿ ਮਿਲਣ ਆਇਓ ਫੈਨ ਲੋਕਾਂ ਨੂੰ ਮਿਲ ਖੂਨ ਵਧ ਜਾਂਦਾ ਹੈ , ਇਹੀ ਵਧੀਆ ਲਹੂ ਇੱਕੀ ਦੇ ਕੱਤੀ ਪਵਾਉਂਦਾ ਹੈ।_ਅੰਮ੍ਰਿਤ ਪਵਾਰ।

ਦੀਵਾਲੀ ਤੇ ਨਵੇਂ ਗੀਤਾਂ ਦੀ ਯੋਜਨਾ ਕਮਲਜੀਤ ਕਮਲ ਪਾਹੜਾ



ਸੁਰੱਖਿਆ ਬਲਾਂ ਦੇ ਸਾਥੀਆਂ ਨੇ ਮੇਰੀ ਗਾਇਕੀ ਨੂੰ ਉਤਸ਼ਾਹ ਦੇ ਕਿ ਹਰ ਵੇਲੇ ਹੌਸਲਾ ਅਫ਼ਜ਼ਾਈ ਦਾ ਕੰਮ ਕੀਤਾ ਓਹ ਨਹੀ ਭੁੱਲਦਾ ਤੇ ਦੇਸ਼ ਦੀ ਰਾਖੀ ਕਰਦੇ ਘਰੋਂ ਦੂਰ ਸਾਥੀਆਂ ਨਾਲ ਮਨਾਈ ਦੀਵਾਲੀ ਯਾਦ ਹੈ।ਪਾਹੜਾ ਪਿੰਡ ਗੁਰਦਾਸਪੁਰ ਜ਼ਿਲ੍ਹਾ ਦਾ ਤੇ ਓਥੋਂ ਦੇ ਕਮਲਜੀਤ ਕਮਲ ਪਾਹੜਾ ਆਪਣੀ ਯਾਦ ਦੇ ਕੁੱਝ ਅੰਸ਼ ਦੱਸਦੇ ਹਨ। ਹੁਣ ਸੇਵਾ ਮੁਕਤੀ ਬਾਅਦ ਸਾਰਾ ਧਿਆਨ ਗਾਇਕੀ ਵੱਲ ਹੈ ਤੇ ਓਹਨਾਂ ਕਿਹਾ ਕਿ ਦੀਵਾਲੀ ਦੀ ਸਭ ਨੂੰ ਵਧਾਈ ਤੇ ਓਹ ਹੁਣ ਨਵੇਂ ਗੀਤ ਕਰਨ ਲਈ ਗਾਣੇ ਚੁਣ ਰਹੇ ਹਨ ਤੇ ਫਿਰ ਅੱਛੀ ਕੰਪਨੀ ਮਿਲੀ ਤਾਂ ਰਿਕਾਰਡ ਕਰ ਕਿ ਓਹ ਇਸ ਦਾ ਮੁੰਬਈ ਤੋਂ ਵੀਡੀਓ ਬਣਾਉਣ ਦੀ ਸੋਚ ਰਹੇ ਹਨ।ਵਿਸ਼ਾਲ ਤਰੀਕੇ ਨਾਲ ਇਹ ਨਵੇਂ ਗੀਤ ਰਲੀਜ਼ ਕਰਨ ਦਾ ਵਿਚਾਰ ਹੈ।ਕਮਲ ਪਾਹੜਾ ਨੇ ਕਿਹਾ ਕਿ ਮੀਡੀਆ ਦਾ ਓਸ ਨੂੰ ਸਦਾ ਸਹਿਯੋਗ ਰੂਹਾਂ ਦੇ ਪਿਆਰ ਦੀ ਤਰਾਂ ਮਿਲਿਆ ਹੈ ਤੇ ਘਰ ਪਰਿਵਾਰ ਨੇ ਵੀ ਉਤਸ਼ਾਹਿਤ ਕੀਤਾ ਜਾ।ਕਮਲਜੀਤ ਕਮਲ ਆਖਦੇ ਨੇ ਦੀਵਾਲੀ ਤੇ ਗੱਭਰੂ ਪ੍ਰਣ ਲੈਣ ਕਿ ਨਸ਼ੇ ਦਾ ਮੁੱਕਮਲ ਬਾਈਕਾਟ ਕਰਨਾ ਹੈ ਤੇ ਓਹ ਨਸ਼ੇ ਤੇ ਵੀ ਗੀਤ ਕਰਨਾ ਚਾਹੁੰਦੇ ਹਨ।_ਅੰਮ੍ਰਿਤ ਪਵਾਰ।

ਦਿਨੇਸ਼ ਔਲਖ ਨੂੰ ਬਲ ਬਖਸ਼ੇ ਅਕਾਲ ਪੁਰਖ ਬੱਲੀ ਜੇਠੂਵਾਲ



ਦਿਨੇਸ਼ ਔਲਖ ਨਾਲ ਦੁੱਖ ਵੰਡਾਉਣ ਆਏ ਲੋਕਾਂ ਦੇ ਨਾਲ ਗੀਤਕਾਰ ਬੱਲੀ ਜੇਠੂਵਾਲ ਨੇ ਕਿਹਾ ਕਿ ਇਹ ਸਦਮਾ ਅਸਹਿ ਹੈ ਪਰ ਰੱਬ ਅੱਗੇ ਕੀ ਜ਼ੋਰ।ਬੱਲੀ ਜੇਠੂਵਾਲ ਨੇ ਕਿਹਾ ਕਿ
ਸਪੀਡ ਰਿਕਾਰਡਜ਼ ਦੇ ਦਿਨੇਸ਼ ਔਲਖ ਜਿਹੜੇ ਇਸ ਸਮੇਂ ਜਵਾਨ ਪੁੱਤਰ ਦਿਵਤ ਔਲਖ ਦੇ ਸਦਾ ਲਈ ਤੁਰ ਜਾਣ ਦੇ ਸਦਮੇ ਨੂੰ ਸਹਾਰ ਰਹੇ ਨੂੰ ਅਕਾਲ ਪੁਰਖ ਬਲ ਬਖਸ਼ੇ ਕਿ ਓਹ ਇਸ ਵੱਡੇ ਦੁੱਖ ਨੂੰ ਸਹਿਣ। ਦਿਨੇਸ਼ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਓਹ ਕਲਾਕਾਰ ਵਰਗ ਲਈ ਮਸੀਹਾ ਹਨ।ਓਹਨਾਂ ਕਿਹਾ ਕਿ ਗੁਰੂ ਮਹਾਰਾਜ ਦਿਨੇਸ਼ ਨੂੰ ਬਲ ਦੇਣ ਤੇ ਓਹ ਇਹ ਅਸਹਿ ਸਦਮੇ ਨੂੰ ਸਹਾਰ ਸਕਣ। ਦਿਨੇਸ਼ ਨੂੰ ਬੱਲੀ ਜੇਠੂਵਾਲ ਅਕਸਰ ਮਿਲਦੇ ਰਹੇ ਹਨ। ਬੱਲੀ ਜੇਠੂਵਾਲ ਨੇ ਕਿਹਾ ਕਿ ਵਾਹਿਗੁਰੂ ਦਿਵਤ ਸਵਰਗੀ ਦੀ ਆਤਮਾ ਨੂੰ ਸ਼ਾਂਤੀ ਦੇਵੇ।_ਅੰਮ੍ਰਿਤ ਪਵਾਰ।

ਯੂ ਕੇ ਤੋਂ ਚੱਜ ਦਾ ਵਿਚਾਰ ਸਵਰਨ ਸਿੰਘ ਟਹਿਣਾ।



ਸਵਰਨ ਸਿੰਘ ਟਹਿਣਾ ਪੰਜਾਬ ਦੀ ਸ਼ਾਨ ਹੈ, ਪੰਜਾਬੀ ਬੋਲੀ ਦਾ ਸ਼ੁੱਧ ਟੀਵੀ ਹੋਸਟ ਹੈ ਤੇ ਇਨਸਾਨ ਬਹੁਤ ਪਿਆਰਾ ਹੈ।ਖੇਡਾਂ ਤੋਂ ਰਾਜਨੀਤੀ ਤੱਕ ਟਹਿਣਾ ਦੀ ਪਕੜ ਮਜ਼ਬੂਤ ਹੈ ਤੇ ਗਾਇਕੀ ਨਾਲ ਪਰਿਵਾਰਿਕ ਰਿਸ਼ਤਾ ਵਾਲੀ ਗੱਲ ਹੈ।ਫ਼ਿਲਮੀ ਖੇਤਰ ਦੇ ਮਾਹਿਰ ਹਨ ।ਸਵਰਨ ਸਿੰਘ ਟਹਿਣਾ ਸਾਥਣ ਟੀਵੀ ਹੋਸਟ ਹਰਮਨ ਖਿੰਦ ਨਾਲ ਯੂ ਕੇ ਪਹੁੰਚ ਗਏ ਨੇ ਤੇ ਓਥੋਂ ਓਹ ਟੀਵੀ ਤੇ "ਚੱਜ ਦਾ ਵਿਚਾਰ" ਦੇਣਗੇ।ਇਸ ਨੂੰ ਨਵੀਂ ਦਿੱਖ ਨਾਲ ਪ੍ਰਾਇਮ ਏਸ਼ੀਆ ਟੀਵੀ ਤੇ ਦੇਖਿਆ ਜਾ ਸਕੇਗਾ।_ਅੰਮ੍ਰਿਤ ਪਵਾਰ।

ਨੌਜਵਾਨ ਵਿਰਾਸਤ ਦੀ ਉੱਨਤੀ ਵਾਸਤੇ ਕੰਮ ਕਰਨ_ਮਨੋਜ ਤਨੇਜਾ



ਮਨੋਜ ਤਨੇਜਾ ਮਾਝੇ ਖੇਤਰ ਦੇ ਉਤਸ਼ਾਹੀ ਨੌਜਵਾਨ ਹਨ ਤੇ ਓਹਨਾਂ ਦੀ ਇਹੀ ਖਾਹਿਸ਼ ਰਹਿੰਦੀ ਹੈ ਕਿ ਓਹ ਸੱਭਿਆਚਾਰ ਤੇ ਖੇਡਾਂ ਲਈ ਵੱਧ ਤੋਂ ਵੱਧ ਯੋਗਦਾਨ ਰਹਿਣ। ਮਨੋਜ ਤਨੇਜਾ ਜਿਹੜੇ ਮਹਿਤਾ ਚੌਕ ਇਲਾਕੇ ਵਿੱਚ ਗੁਰਵਿੰਦਰ ਸਿੰਘ ਰੰਧਾਵਾ ਨਾਲ ਮਿਲ ਨਸ਼ਿਆਂ ਤੋਂ ਮੁਕਤੀ ਲਈ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰ ਰਹੇ ਹਨ ।ਮਨੋਜ ਤਨੇਜਾ ਨੇ ਕਿਹਾ ਕਿ ਮਾਝੇ ਵਿੱਚ ਕਲਾਕਾਰ ਬਹੁਤ ਹਨ ਤੇ ਓਹ ਚਾਹੁੰਦੇ ਹਨ ਕਿ ਜੇਕਰ ਓਹਨਾਂ ਨੂੰ ਕਲਾ, ਸੰਗੀਤ ਕਲਚਰ ਦਾ ਚੇਅਰਮੈਨ ਬਣਾਇਆ ਜਾਂਦਾ ਹੈ ਤਾਂ ਓਹ ਮਾਝੇ ਵਿੱਚ ਕਲਾਕਾਰ ਵਰਗ ਦੀ ਆਵਾਜ਼ ਨੂੰ ਬੁਲੰਦ ਕਰਨਗੇ।ਮਨੋਜ ਤਨੇਜਾ ਨੇ ਕਿਹਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਓਹਨਾਂ ਦੇ ਯਤਨਾਂ ਦੀ ਹਮੇਸ਼ਾ ਸਲਾਘਾ ਕੀਤੀ ਹੈ।ਮਨੋਜ ਤਨੇਜਾ ਨੇ ਦੀਵਾਲੀ ਮੌਕੇ ਸਭ ਨੂੰ ਕਿਹਾ ਕਿ ਹਵਾ ਪ੍ਰਦੂਸ਼ਣ ਮੁਕਤ ਗਰੀਨ ਦਿਵਾਲੀ ਮਨਾਈ ਜਾਏ।_ਅੰਮ੍ਰਿਤ ਪਵਾਰ।

ਹਰ ਜੁਬਾਨ ਤੇ ਹੈ ਸੁਰਜੀਤ ਭੁੱਲਰ ਦਾ ਨਵਾਂ ਗਾਣਾ ਵਿਲੇਨ



ਆਪਣੇ ਚੈਨਲ ਸੁਰਜੀਤ ਭੁੱਲਰ ਰਿਕਾਰਡਜ਼ ਤੋਂ ਗਾਇਕ ਸੁਰਜੀਤ ਭੁੱਲਰ ਨੇ ਨਵਾਂ ਗੀਤ "ਵਿਲੇਨ " ਜਦ ਹੀ ਰਲੀਜ਼ ਕੀਤਾ ਵਿਊ ਦਾ ਹੜ੍ਹ ਆ ਗਿਆ। ਇੱਕ ਤਾਂ ਸੁਰਜੀਤ ਭੁੱਲਰ ਦਾ ਗਾਣਾ ਹਰੇਕ ਹਿੱਟ ਹੁੰਦਾ ਦੂਜਾ 27 ਸਾਲ ਤੋਂ ਗਾਇਕੀ ਸਰਦਾਰੀ ਚੇਲੇ ਦੇ ਇਸ ਜੱਟ ਗਾਇਕ ਕੋਲ ਹੈ। ਗੀਤ "ਵਿਲੇਨ" ਓਸ ਦੇ ਚਹੇਤੇ ਗੀਤਕਾਰ ਬਿੱਟੂ ਚੀਮਾ ਨੇ ਲਿਖਿਆ ਹੈ।ਇਸ ਦਾ ਮਿਊਜ਼ਿਕ ਗਾਇਫੀ ਨੇ ਦਿੱਤਾ ਹੈ ਤੇ ਤਰਜ਼ ਵੀ ਬਿੱਟੂ ਚੀਮਾ ਦਾ ਹੈ।ਆਸ਼ਿਮਾ ਗਰੇਵਰ ਇਸ ਦੀ ਮੁੱਖ ਮਾਡਲ ਹੈ ਤੇ ਸੁਮੀਤ ਗਰੇਵਰ ਇਸ ਦਾ ਮਿਕਸ ਮਾਸਟਰ ਹੈ।ਅਜੇ ਭੁੱਲਰ ਨੇ ਇਸ ਗੀਤ ਦਾ ਨਿਰਮਾਣ ਕੀਤਾ ਤੇ ਪ੍ਰੋਜੈਕਟ ਜਸਵਿੰਦਰ ਸਿੰਘ ਹੈ। ਆਰ ਸਵਾਮੀ ਨੇ ਇਸ ਦਾ ਵੀਡੀਓ ਬਣਾਇਆ ਹੈ ਤੇ ਦਿਨਾਂ ਚ ਹੀ ਇਸਦੇ ਵਿਊ ਲੱਖਾਂ ਵਿੱਚ ਹੋ ਗਏ ਹਨ।_ਅੰਮ੍ਰਿਤ ਪਵਾਰ।

ਇਸ ਸਾਲ ਮੇਰੇ ਗੀਤਾਂ ਨੂੰ ਮਿਲਿਆ ਹੁੰਗਾਰਾ_ਪੰਮਾ ਮੱਲ੍ਹੀ



ਪੰਮਾ ਮੱਲ੍ਹੀ ਬਲਜਿੰਦਰ ਪੰਮਾ ਮੱਲ੍ਹੀ ਦੇ ਨਾਮ ਨਾਲ ਵੀ ਜਾਣੇ ਜਾਂਦੇ ਨੇ ਤੇ ਓਹਨਾਂ ਕਿਹਾ ਕਿ ਇਸ ਸਾਲ ਓਹਨਾਂ ਨੇ ਹਰੇਕ ਤਰਾਂ ਦੇ ਗੀਤ ਗਾਏ ਤੇ ਸਾਰੇ ਗੀਤਾਂ ਨੂੰ ਅੱਛੇ ਹੁੰਗਾਰੇ ਮਿਲੇ।ਇਹਨਾਂ ਚ "ਸਾਰਾ ਪਿੰਡ " ਵੀ ਸ਼ਾਮਿਲ ਹੈ।ਓਹਨਾਂ ਨੇ ਗੁਰੂ ਰਵਿਦਾਸ ਜੀ ਤੇ ਵੀ "ਜਨਮ ਦਿਹਾੜਾ" ਗਾਇਆ ਤੇ ਸੰਗਤ ਨੇ ਪ੍ਰਵਾਨ ਕੀਤਾ।ਓਹਨਾਂ ਕਿਹਾ ਕਿ ਬਿੱਟੂ ਲੇਹਲ ਨੇ ਓਹਨਾਂ ਦਾ ਸਾਥ ਦਿੱਤਾ ਤੇ ਮਿਊਜ਼ਿਕ ਡਾਇਰੈਕਟਰ ਜੱਸੀ ਬ੍ਰਦਰਸ ਦੀ ਮਿਹਨਤ ਵੀ ਜ਼ਿਕਰ ਯੋਗ ਹੈ।"ਗੱਭਰੂ ਗੰਡਾਸੇ ਵਰਗਾ " ਹਿੱਟ ਰਿਹਾ ਹੈ ।ਓਹਨਾਂ ਨੇ ਚਾਰ ਸਾਹਿਬਜ਼ਾਦਿਆਂ ਤੇ ਵੀ ਧਾਰਮਿਕ ਗੀਤ ਗਾਏ।ਵੱਡੀ ਗੱਲ ਕਿ ਨਸ਼ਿਆਂ ਤੇ ਗਾਏ ਗੀਤ ਵੀ ਹਿੱਟ ਰਹੇ। ਹੁਣ ਪੰਮਾ ਮੱਲ੍ਹੀ ਮਿਊਜ਼ਿਕ ਚੋ ਇਹਨਾਂ ਦੇ ਗੀਤ ਆ ਰਹੇ ਹਨ।_ਅੰਮ੍ਰਿਤ ਪਵਾਰ।

ਮਨਜੀਤ ਮੀਤ ਦੇ ਗੀਤ "ਬਿੱਲੇ ਦੇ ਬਾਪੂ" ਨੂੰ ਭਰਵਾਂ ਹੁੰਗਾਰਾ _ਜਤਿੰਦਰ ਸ਼ਰਮਾ



ਪੰਜਾਬ ਦੇ ਸਾਰੇ ਲੋਕਾਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਹੋਏ।ਆਓ ਪੰਜਾਬ ਸਰਕਾਰ ਨਸ਼ੇ ਨੂੰ ਖਤਮ ਕਰਨ ਲਈ ਦ੍ਰਿੜ ਹੈ ਜਨਤਾ ਸਾਥ ਦੇਵੇ ।ਸਵਰਨ ਸਲਾਰੀਆ ਜੀ ਪਠਾਨਕੋਟ ਤੋਂ ਜਨਤਾ ਦੀ ਸੇਵਾ ਵਿੱਚ ਹਾਜ਼ਿਰ।ਦੀਵਾਲੀ ਤੇ ਇਹ ਸੁਨੇਹਾ ਦਿੰਦੇ ਗਾਇਕ , ਤੇ ਆਡੀਓ ਵੀਡੀਓ ਸ਼ਰਮਾ ਸੀਰੀਜ਼ ਦੇ ਸੀਈਓ ਤੇ ਪੇਸ਼ਕਾਰ ਜਤਿੰਦਰ ਸ਼ਰਮਾ ਨੇ ਕਿਹਾ ਕਿ ਗਾਇਕਾ ਮਨਜੀਤ ਮੀਤ ਦਾ ਨਵਾਂ ਗਾਣਾ "ਬਿੱਲੇ ਦੇ ਬਾਪੂ" ਭਰਵੇਂ ਹੁੰਗਾਰੇ ਨਾਲ ਹਿੱਟ ਹੈ ਤੇ ਓਹ ਮਨਜੀਤ ਮੀਤ ਦੇ ਨਾਲ ਵਿਨੋਦ ਸ਼ਾਇਰ ਨੂੰ ਵੀ ਇਸ ਗੀਤ ਤੇ ਪ੍ਰੋਜੈਕਟ ਲਈ ਵਧਾਈ ਦਿੰਦੇ ਹਨ।_ਅੰਮ੍ਰਿਤ ਪਵਾਰ।

ਫ਼ਿਲਮ ਨਗਰੀ ਦੀ ਕਾਮਯਾਬੀ ਲਈ ਯਤਨਸ਼ੀਲ ਹਾਂ _ਰਾਜਨ ਬੱਤਰਾ



ਰਾਜਨ ਬੱਤਰਾ ਨੇ ਦਲਜੀਤ ਦੁਸਾਂਝ ਤੇ ਗਿੱਪੀ ਗਰੇਵਾਲ ਨਾਲ ਸੁਪਰ ਫ਼ਿਲਮਾਂ ਦਿੱਤੀਆਂ ਹਨ ਤੇ ਬਤੌਰ ਨਿਰਮਾਤਾ ਓਹ ਬਾਲੀਵੁੱਡ ਤੱਕ ਚਰਚਿਤ ਹਨ।ਰਾਜਨ ਬੱਤਰਾ ਨਾਲ ਹੀ ਫ਼ਿਲਮ ਵਿਤਰਕ ਬਣ ਪੰਜਾਬੀ ਫ਼ਿਲਮਜ਼ ਨੂੰ ਅੱਛੇ ਤਰੀਕੇ ਨਾਲ ਰਲੀਜ਼ ਕਰਦੇ ਰਹੇ ਹਨ ਤੇ ਓਹਨਾਂ ਕਿਹਾ ਕਿ ਅੱਜ ਫਿਲਮ ਵਿਤਰਨ ਔਖਾ ਕੰਮ ਹੈ ਪਰ ਓਹ ਹਰ ਚਣੌਤੀ ਦਾ ਸਾਹਮਣਾ ਕਰਦੇ ਹਨ।ਰਾਜਨ ਬੱਤਰਾ ਨੇ ਸਿਨੇਮਾ ਪ੍ਰਬੰਧ ਵੀ ਕੀਤਾ ਹੈ।ਓਹਨਾਂ ਕਿਹਾ ਕਿ ਓਹ ਫਿਲਮ ਨਗਰੀ ਦੇ ਵਿਕਾਸ ਲਈ ਆਪਣਾ ਯੋਗਦਾਨ ਦਿੰਦੇ ਰਹਿਣਗੇ ਤੇ ਪੰਜਾਬੀ ਫ਼ਿਲਮਾਂ ਦੇ ਉਤਸ਼ਾਹ ਲਈ ਵੀ ਓਹ ਚੋਵੀ ਘੰਟੇ ਸੱਤੇ ਦਿਨ ਹਾਜ਼ਿਰ ਹਨ।_ਅੰਮ੍ਰਿਤ ਪਵਾਰ।